
ਅੰਬਰੋਂ ਉੱਤਰੇ
ਹਰਫ਼
ਸੁੱਖਰਾਜ ਸਿੰਘ ਜ਼ੀਰਾ
www.PunjabiLibrary.com

# ਅੰਬਰੋਂ ਉੱਤਰੇ ਹਰਫ਼

ਸੁੱਖਰਾਜ ਸਿੰਘ ਜ਼ੀਰਾ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

**Ambron Uttre Harf**

*by*

**Sukhraj Singh Zira**
Adarsh Nagar, Zira
District Ferozepur (PB) - 142047
Ph. 8437551153

©Sukhraj Singh Zira

**First Edition : 2025**

**ISBN : 978-81-987976-8-1**

**Price : 200/-**

*Distributor*

**Insta: @Kitab_Expo_Canada**
Mb. 82839-49757 (India), +1(647)-470-4630
Website: KitabExpoCanada.Com

*Laser Type Setting:*

**PATIALA COMPUTERS**
Opp. Punjabi University, Patiala
M. 98557-08204, 99159-79774
E-mail: patialacomposer@gmail.com

*Title :* Late Imroz

**URHA PUBLICATION**
Moga (Punjab) - 152028
Mob. 98147-93108, +1(647) 923-3722
E-mail: publicationuda@gmail.com
Insta: @uda_publication

●

ਹੇ ਪਿਆਰੇ ਨਾਨਕ !
ਤੇਰੇ 'ਤੇ ਕਵਿਤਾ ਲਿਖਣਾ
ਮੇਰੇ ਵੱਸ ਦੀ ਗੱਲ ਨਹੀਂ।
ਤੈਨੂੰ ਕੀ ਕਹਿ ਕੇ ਬੁਲਾਵਾਂ?
ਗੁਰੂ, ਪੀਰ, ਚਾਰੀਆ, ਲਾਮਾ,
ਰਿਸ਼ੀ, ਕਦਾਮਦਰ, ਵਲੀ, ਬਾਬਾ
ਕਿ, ਤੈਨੂੰ ਬਾਪੂ ਕਹਿ ਲਵਾਂ।
ਤੇਰਾ ਅਨੇਕ ਤੋਂ 'ਇੱਕ' ਤੱਕ ਦਾ ਸਫ਼ਰ,
ਅਣਗਿਣਤ ਪ੍ਰਕਾਸ਼ ਵਰਿਆਂ ਤੋਂ ਵੀ ਲੰਬਾ ਹੈ।
ਤੇਰਾ 'ਸਤਿ ਸ੍ਰੀ ਆਕਾਲ' ਦਾ ਹੋਕਾ
ਸਦੀਵੀਂ ਰਹਿਣ ਵਾਲੀ ਜੜ੍ਹ ਤੱਕ ਲੈ ਜਾਂਦਾ ਹੈ।
"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"
ਜਿਹੇ, ਤੇਰੇ ਅਨਮੋਲ ਬਚਨ ਔਰਤ ਨੂੰ
ਪੈਰਾਂ ਦੀ ਜੁੱਤੀ ਤੋਂ ਸਿਰ ਦਾ ਤਾਜ ਬਣਾ ਦਿੰਦੇ ਹਨ।
"ਸਭੇ ਸਾਂਝੀਵਾਲ ਸਦਾਇਨ" ਦਾ ਉਪਦੇਸ਼ ਦੇ ਕੇ,
ਤੂੰ ਰੰਗ, ਨਸਲ, ਭੇਦ ਨੂੰ ਮੁੱਢੋਂ ਹੀ ਨਾਕਾਰ ਦਿੱਤਾ ਹੈ।
ਤੇਰੀ ਕਵਿਤਾ "ਜਪੁ" ਅੱਗੇ
ਦੁਨੀਆਂ ਦੀ ਹਰ ਕਵਿਤਾ ਤੁੱਛ ਹੈ।
ਹੇ ਮੇਰੇ ਪਿਆਰੇ ਨਾਨਕ!

●

ਸੋਨੇ ਦੀ ਥਾਲੀ ਵੇਖ-ਵੇਖ, ਨਾ ਭੰਡੀਂ ਆਪਣਾ ਛਾਬਾ ਵੇ।
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

ਅੰਬਰ ਦੇ ਵਾਂਙੂੰ ਹਿਰਦਾ ਰੱਖੀਂ, ਧਰਤੀ ਵਰਗਾ ਜੇਰਾ ਵੇ,
ਹੱਸਕੇ ਜੇ ਕਿਧਰੇ ਬੋਲ ਪਵੇਂ, ਦੱਸ ਕੀ ਜਾਊਗਾ ਤੇਰਾ ਵੇ,
ਸਭ ਧਰਮਾਂ ਦਾ ਮਾਣ ਕਰੀਂ, ਕੀ ਮੰਦਰ ਤੇ ਕੀ ਕਾਬਾ ਵੇ।
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

ਨਿਰਭਉ ਤੇ ਨਿਰਵੈਰੁ ਬਣੀਂ, ਤੂੰ ਸੋਚ ਨੂੰ ਉੱਚਾ ਰੱਖੀਂ ਵੇ,
ਮਿਹਨਤ ਦੇ ਵਿੱਚ ਹੀ ਬਰਕਤ ਹੈ, ਇਹਦੇ ਤੋਂ ਨਾ ਤੂੰ ਅੱਕੀਂ ਵੇ,
ਦੇਸ਼ ਕੌਮ ਦੀ ਖਾਤਰ ਤੂੰ ਵੀਂ, ਬਣਜੀਂ ਊਧਮ, ਸਰਾਭਾ ਵੇ,
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

ਰੁੱਖਾਂ ਦੇ ਵਾਂਙੂੰ ਜ਼ਿੰਦਗੀ ਜੀਅ, ਦਿੰਦਾ ਰਹਿ ਠੰਡੀਆਂ ਛਾਵਾਂ ਵੇ,
ਬਾਪੂ ਦੇ ਮੋਢੇ ਨਹੀਂ ਲੱਭਣੇ, ਨਾ ਲੱਭਣੀਆਂ ਫਿਰ ਮਾਵਾਂ ਵੇ,
ਤੂੰ ਮਾਲਵੇ ਵਾਂਙੂੰ ਪਿਆਰਾ ਰੱਖੀਂ, ਮਾਝਾ ਅਤੇ ਦੁਆਬਾ ਵੇ,
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

ਕਾਲੀ ਤੇ ਬੋਲੀ ਰਾਤ ਵਿੱਚ, ਤੂੰ ਸੂਰਜ ਵਾਂਙੂੰ ਚਮਕੀਂ ਵੇ,
ਤੂੰ ਸੱਜ ਵਿਆਹੀ ਨਾਰ ਦੀ, ਝਾਂਜਰ ਦੇ ਵਾਂਙੂੰ ਛਣਕੀਂ ਵੇ,
ਲਾਲਚ ਦੀ ਰੋਟੀ ਖਾਣ ਲਈ, ਨਾ ਕਰੀਂ ਤੂੰ ਖ਼ੂਨ ਖਰਾਬਾ ਵੇ,
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

ਤੂੰ ਫੁੱਲਾਂ ਵਾਂਙੂੰ ਖਿੜਿਆ ਰਹਿ, ਖੁਸ਼ਬੂ ਦੇ ਵਾਂਙੂੰ ਮਹਿਕੀਂ ਵੇ,
ਅਜ਼ਾਦ ਪਰਿੰਦੇ ਜਿਓਂ ਰਹਿੰਦੇ, ਤੂੰ ਉਹਨਾਂ ਵਾਂਙੂੰ ਚਹਿਕੀਂ ਵੇ,
ਦੀਨ-ਦੁਖੀ ਨੂੰ ਸੱਜਣਾ ਓਏ, ਤੂੰ ਪਿਆਰ ਕਰੀਂ ਬੇ-ਸਾਭਾ ਵੇ,
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

ਪਾਣੀ ਦੇ ਵਾਂਙੂੰ ਸ਼ੀਤਲ ਹੋ ਜਾ, ਪੌਣ ਦੇ ਵਾਂਙ ਪਵਿੱਤਰ ਵੇ,
ਤੁਰ ਜਾਣੇ ਸਾਰੇ "ਜ਼ੀਰੇ ਵਾਲਿਆ", ਸਾਕ-ਸੰਬੰਧੀ ਮਿੱਤਰ ਵੇ,
ਕੁੱਲ ਦੁਨੀਆਂ ਨੂੰ ਤਾਰਨ ਲਈ, ਤਲਵੰਡੀਓਂ ਤੁਰਿਆ ਬਾਬਾ ਵੇ,
ਜੇ ਤਾਕਤ ਤੇਰੇ ਕੋਲ ਆਈ, ਨਾ ਮਾਰੀਂ ਕਿਸੇ ਨੂੰ ਦਾਬਾ ਵੇ।

●

ਜਿਹੜੇ ਪੁੱਤ ਸੀ ਹੱਥੀਂ ਚੰਡੇ,
ਉਹਨਾਂ ਨੇ ਅੱਜ ਮਾਂ-ਪਿਉ ਵੰਡੇ।

ਅਕਸਰ ਉਹ ਤਾਂ ਢੀਠ ਹੋ ਜਾਂਦੇ,
ਵੱਜਦੇ ਰਹਿਣ ਜਿਹਨਾਂ ਦੇ ਡੰਡੇ।

ਆੜਤੀਆਂ ਦੇ ਪਰਦੇ ਢਕਦੇ,
ਵਹੀਆਂ ਵਿੱਚ ਲਿਖੇ ਜੋ ਲੰਡੇ।

ਕੰਮ ਕਰਕੇ ਜਿਹਨੂੰ ਮਿਲਣੀ ਰੋਟੀ,
ਉਹਦੇ ਲਈ ਕੀ ਸੰਡੇ-ਮੰਡੇ।

ਪਿਉ ਦੀ ਲੱਥੀ ਪੱਗ ਨਾ ਦਿਸਦੀ,
ਖ਼ੂਨ ਜਿਹਨਾਂ ਦੇ ਹੋ ਜਾਣ ਠੰਡੇ।

ਇੱਕ ਦਿਨ ਖਾਲਸ ਰਾਜ ਹੋਊਗਾ,
ਉਦੈ-ਅਸਤ ਝੂਲਣਗੇ ਝੰਡੇ।

ਖੁਸ਼ੀ-ਗਮੀਂ ਤਾਂ ਅੱਗੜ-ਪਿੱਛੜ,
ਜਿਉਂ ਫੁੱਲਾਂ ਨਾਲ ਹੁੰਦੇ ਕੰਡੇ।

ਪਾਣੀ ਵੀ ਅੰਮ੍ਰਿਤ ਬਣ ਜਾਂਦਾ,
ਬਾਟਿਆਂ ਦੇ ਵਿੱਚ ਘੁਲਦੇ ਖੰਡੇ।

"ਜ਼ੀਰੇ ਵਾਲਿਆ" ਲਾਲਚ ਨੂੰ ਕਹਿ,
ਜਾਹ ਤੁਰ ਜਾ ਝੂਠਾਂ ਦੀਏ ਪੰਡੇ।

●

ਉਸ ਨਾਲ਼ ਅੱਖ ਮਿਲਾ ਬੈਠੇ ਹਾਂ,
ਦਿਲ ਨੂੰ ਰੋਗ ਲਵਾ ਬੈਠੇ ਹਾਂ।

ਇਸ਼ਕ ਦੇ ਵਿੱਚ ਅੰਨ੍ਹੇ ਹੋਏ,
ਸੋਹਣੇ ਖਾਬ ਸਜਾ ਬੈਠੇ ਹਾਂ।

ਗੇੜੀ-ਛੇੜੀ, ਫਿਲਮਾਂ-ਫੁਲਮਾਂ,
ਸ਼ਾਪਿੰਗ ਮਾਲ ਘੁੰਮਾ ਬੈਠੇ ਹਾਂ।

ਜਿੰਦ ਕੁੜਿੱਕੀ ਦੇ ਵਿੱਚ ਆ ਗਈ,
ਉਸੇ ਨੂੰ ਹੀ ਵਿਆਹ ਬੈਠੇ ਹਾਂ।

ਮਰਜ਼ੀ ਨਾਲ ਸੀ ਆਉਂਦੇ ਜਾਂਦੇ,
ਪੈਰੀਂ ਜੂੜ ਪਵਾ ਬੈਠੇ ਹਾਂ।

ਮੈਡਮ ਦੇ ਉੱਠਣ ਤੋਂ ਪਹਿਲਾਂ,
ਝਾੜੂ ਪੋਚਾ ਲਾ ਬੈਠੇ ਹਾਂ।

ਸਾਡੀ ਤਾਂ ਹੁਣ ਕਾਹਦੀ ਚੱਲਣੀ,
ਭਿੰਡੀਆਂ, ਬੈਂਗਣ ਖਾ ਬੈਠੇ ਹਾਂ।

"ਸੁੱਖ" ਹੁਣ ਹੋਣੀ ਟਲ ਨਹੀ ਸਕਦੀ।
ਮਨ ਆਪਣਾ ਸਮਝਾਅ ਬੈਠੇ ਹਾਂ।

●

ਮੂੰਹ ਤੋਂ ਮੁਖੜਾ ਲਾਹ ਕੇ ਆਵੀਂ,
ਅੱਖ 'ਚ ਅੱਖ ਪਾ ਕੇ ਆਵੀਂ।

ਮੁਰਸ਼ਦ ਕੋਲੇ ਆਉਣ ਤੋਂ ਪਹਿਲਾਂ,
ਜਿਥੇ ਜਾਣਾ ਜਾ ਕੇ ਆਵੀਂ।

ਫੱਕਰਾਂ ਕੋਲ ਤਾਂ ਬੰਦਗੀ ਹੁੰਦੀ,
ਭੁੱਖ ਲੱਗੀ ਤਾਂ ਖਾ ਕੇ ਆਵੀਂ।

ਜੇ ਉੱਡਣ ਦੀ ਚਾਹਤ ਤੈਨੂੰ,
ਅੰਬਰ ਨੂੰ ਹੱਥ ਲਾ ਕੇ ਆਵੀਂ।

ਗੱਡੇ ਲੱਦ-ਲੱਦ ਪੜ੍ਹਿਆ ਜਿਹੜਾ,
ਅਲਫ਼-ਬੇ ਭੁਲਾ ਕੇ ਆਵੀਂ।

ਜਿਹੜੀ ਕੂੜ ਕਮਾਈ ਤੂੰ ਕੀਤੀ,
ਸਾਰਾ ਕੁਝ ਗਵਾ ਕੇ ਆਵੀਂ।

ਵਾਂਗ ਪਪੀਹੇ ਤੂੰ-ਤੂੰ ਕਰਦਾ,
ਮੈਂ ਨੂੰ ਮਗਰੋਂ ਲਾਹ ਕੇ ਆਵੀਂ।

ਜੂਠ-ਝੂਠ ਦੀ ਥਾਂ ਨਾ ਕੋਈ,
ਸੁੱਚੇ ਮੂੰਹ ਨਹਾ ਕੇ ਆਵੀਂ।

ਰੱਬ ਦੇ ਅੱਗੇ ਆਕੜ ਕਾਹਦੀ,
ਉੱਚਾ ਸਿਰ ਨਿਵਾ ਕੇ ਆਵੀਂ।

"ਜ਼ੀਰੇ ਵਾਲਿਆ" ਤੌਬਾ ਕਰਕੇ,
ਕੰਨਾਂ ਨੂੰ ਹੱਥ ਲਾ ਕੇ ਆਵੀਂ।

●

ਕਿਹੜੀ ਗੱਲ ਕਿੱਥੇ ਕਹਿਣੀ,
ਜਾਣਦੇ ਨਾ ਮੂੰਹ-ਫੱਟ,
ਸੂਰਾਂ ਤੋਂ ਵੀ ਭੈੜੇ ਹੁੰਦੇ,
ਬੰਦੇ ਜੋ ਕੌਲੀ-ਚੱਟ।

ਐਨੀ ਕੂ ਲਿਆਕਤ ਤਾਂ ,
ਧੀਆਂ-ਪੁੱਤਾਂ ਵਿੱਚ ਹੋਵੇ,
ਮਾਪਿਆਂ ਦੀ ਇੱਜ਼ਤ ਤਾਂ,
ਕਰੇ ਬੱਚਾ ਘੱਟੋ-ਘੱਟ।

ਪੁੱਠੇ ਸਿੱਧੇ ਕੰਮ ਕਈ,
ਕਰਦੇ ਨੇ ਏਸੇ ਲਈ ਤਾਂ,
ਮਿਹਨਤ ਕਰੇ ਬਿਨਾਂ ਹੀ,
ਪੈਸਾ ਆਜੇ ਝੱਟ-ਪੱਟ।

ਨਿਰਭਉ ਤੇ ਨਿਰਵੈਰੁ,
ਹੋ ਕੇ ਸਦਾ ਵਿਚਰੀਂ ਤੂੰ,
ਧੱਕਾ ਹੁੰਦਾ ਵੇਖ ਕੇ ਨਾ,
ਬੰਦਿਆ ਤੂੰ ਦੜ-ਵੱਟ।

ਲੋਕਾਂ ਲਈ ਲੜੇ, ਖੜੇ,
ਨਾਇਕ ਪੰਜਾਬ ਦੇ ਜੀ,
ਦੁੱਲਾ ਭੱਟੀ, ਕਰਮਾ ਤੇ,
ਇੱਕ ਸੀ ਜੱਗਾ ਜੱਟ।

ਉਮਰ ਤੇ ਅਕਲ ਦਾ,
ਕੋਈ ਵੀ ਨਾ ਮੇਲ ਹੁੰਦਾ,
ਮੂਰਖਾਂ ਦੀ ਆਪਸ 'ਚ,
ਹੁੰਦੀ ਰਹਿੰਦੀ ਖਟ-ਪਟ।

ਐਨਾ ਵੀ ਸਿਆਣਾ ਨਾ ਤੂੰ,
ਬਣੀ "ਜ਼ੀਰੇ ਵਾਲਿਆ",
ਜ਼ਿੰਦਗੀ ਨੂੰ ਜਿਉਣਾ ਏਂ ਤਾਂ,
ਬਣ ਜਾ ਤੂੰ ਨਟ-ਖਟ।

●

ਕਰਦਾ ਹੈ ਜੋ ਕਲਹ-ਕਲੇਸ਼,
ਕਲਪਦਾ ਰਹਿੰਦਾ ਉਹ ਹਮੇਸ਼।

ਰਜੋ, ਤਮੋਂ ਤੇ ਸਤੋ ਗੁਣ ਨੇ,
ਬ੍ਰਹਮਾਂ, ਵਿਸ਼ਨੂੰ ਅਤੇ ਮਹੇਸ਼।

ਸ਼ਿਵ ਤਾਂਡਵ ਰਾਵਣ ਨੇ ਲਿਖਿਆ,
ਵੇਦਾਂ ਦਾ ਗਿਆਤਾ ਲੰਕੇਸ਼।

ਵਿਸ਼ਨੂੰ ਦੀ ਮਹਿਮਾਂ ਹੈ ਗਾਉਂਦਾ,
ਨਾਗਾਂ ਦਾ ਰਾਜਾ ਆਦੀਸ਼ੇਸ਼।

ਰਾਮ ਚੰਦਰ ਦੇ ਪੁੱਤਰ ਲਵ, ਕੁਸ਼,
ਸ਼ਿਵ ਦੇ ਪੁੱਤਰ ਸਕੰਦ, ਗਣੇਸ਼।

ਜ਼ਬੂਰ, ਤੌਰੇਤ, ਇੰਜੀਲ, ਕੁਰਾਨ,
ਰੱਬ ਦੇ ਭੇਜੇ ਗਏ ਸੰਦੇਸ਼।

ਮੁਹੰਮਦ ਮੱਕੇ ਦੇ ਵਿੱਚ ਜਨਮੇਂ,
ਖਾਨਦਾਨ ਉਹਨਾਂ ਦਾ ਕੁਰੇਸ਼।

ਔਰੰਗਜ਼ੇਬ ਦੀ ਜਿਦ ਨੇ ਮਾਰੇ,
ਸਰਮਦ ਵਰਗੇ ਕਈ ਦਰਵੇਸ਼।

ਸਰਬ ਧਰਮ ਲਈ ਸਾਂਝਾ ਹੈ ਜੀ,
ਨਾਨਕ ਦਾ 'ਜਪੁਜੀ' ਉਪਦੇਸ਼।

ਗੱਦਾਰਾਂ ਦੀ ਭੇਂਟ ਚੜ੍ਹ ਗਿਆ,
ਕਦੇ ਪੰਜਾਬ ਹੁੰਦਾ ਸੀ ਦੇਸ਼।

ਮਾਨਵ ਦੇ ਨਾ ਸਮਝ ਪਵੇ ਇਹ,
ਜਨਮ ਮਰਨ ਦਾ ਕੀ ਉਦੇਸ਼।

ਖੰਡਾਂ ਬ੍ਰਹਿਮੰਡਾਂ ਦਾ ਮਾਲਕ,
ਆਦਿ ਅੰਤ ਉਹੀ ਆ ਸ਼ੇਸ਼।

ਧਰਮ ਨੂੰ ਜਿਹੜੇ ਧੰਦਾ ਸਮਝਣ,
"ਜ਼ੀਰੇ ਵਾਲਿਆ" ਹੁੰਦੇ ਮਲੇਸ਼।

•

ਮੋਹ ਭਿੱਜੀਆਂ ਨੇ ਜੋ ਕਵਿਤਾਵਾਂ,
ਮੈਨੂੰ ਲੱਗਦੀਆਂ ਮੇਰੀਆਂ ਮਾਵਾਂ।

ਮਾਪੇ ਦਿਲ ਦਾ ਖ਼ੂਨ ਨੇ ਹੁੰਦੇ,
ਭੈਣ-ਭਾਈ ਹੁੰਦੇ ਨੇ ਬਾਹਵਾਂ।

ਜ਼ਿੰਦਗੀ ਸਫ਼ਰ ਹੈ ਟੇਢਾ-ਮੇਢਾ,
ਜਿਸ ਦੀਆਂ ਉੱਭੜ-ਖਾਭੜ ਰਾਹਵਾਂ।

ਚਿੱਚੜ ਵਾਂਙ ਬੰਦੇ ਨੂੰ ਚਿੰਬੜਣ,
ਵਿਸ਼ੇ-ਵਿਕਾਰਾਂ ਦੀਆਂ ਬਲਾਵਾਂ।

ਵੰਡ ਵੇਲੇ ਲੱਖਾਂ ਘਰ ਉੱਜੜੇ,
ਤੱਤੀਆਂ ਫਿਰ ਨਾ ਵਗਣ ਹਵਾਵਾਂ।

ਖ਼ੁਸ਼ੀਆਂ ਜੇ ਮਿੰਨਤਾਂ ਨਾਲ ਮੰਨਣ,
ਤਰਲੇ ਕਰ-ਕਰ ਰੋਜ਼ ਮਨਾਵਾਂ।

ਚੜ੍ਹਦੇ-ਲਹਿੰਦੇ ਵਿੱਚ ਜੋ ਲੱਗੀ,
ਕੰਡਿਆਲੀ ਉਹ ਤਾਰ ਮੈਂ ਲਾਹਵਾਂ।

ਜਿੱਥੇ ਸੱਚ ਨੇ ਝੂਠ ਨੂੰ ਜਿੱਤਿਆ,
ਉਹ ਤਾਂ ਪੂਜਣਯੋਗ ਨੇ ਥਾਵਾਂ।

ਬਚਪਨ ਦੇ ਬੇਫਿਕਰੇ ਦਿਨ ਉਹ,
ਮੁੜਦੇ ਹੋਣ ਤਾਂ ਮੋੜ ਲਿਆਵਾਂ।

ਭੁੱਖੇ ਰੂਹ ਦੇ ਪੰਛੀ ਨੂੰ ਮੈਂ,
ਸ਼ਬਦਾਂ ਦੀ ਕੁੱਟ ਚੂਰੀ ਪਾਵਾਂ।

"ਜ਼ੀਰੇ ਵਾਲਿਆ" ਕਰਦੇ ਰਹੀਏ,
ਸੱਜਣਾ-ਮਿੱਤਰਾਂ ਲਈ ਦੁਆਵਾਂ।



www.PunjabiLibreary.com

●

ਜਦੋਂ ਦੀ ਤੂੰ ਘਰ ਵਿੱਚ ਆਈ,
ਖ਼ੁਸ਼ੀਆਂ ਨੇ ਹੈ ਛਹਿਬਰ ਲਾਈ।

ਤੇਰੇ ਕਰਕੇ ਦਿਲ ਨੱਚਦਾ ਏ,
ਤੂੰ ਹੱਸਦੀ ਤਾਂ ਘਰ ਹੱਸਦਾ ਏ।

ਰੋਵੇਂ ਜਦ ਤੂੰ ਹੌਲ ਜਿਹੇ ਪੈਂਦੇ,
ਘਰ ਦੇ ਜੀਅ ਨਾ ਟਿਕ ਕੇ ਬਹਿੰਦੇ।

ਜਿੰਨਾਂ ਚਿਰ ਤੂੰ ਨਹੀਉਂ ਸਾਉਂਦੀ,
ਉਨਾਂ ਚਿਰ ਮੈਨੂੰ ਨੀਂਦ ਨਾ ਆਉਂਦੀ।

ਤੇਰੀ ਜੱਫੀ ਬਰਫ਼ ਦੇ ਵਰਗੀ,
ਸੌਂਹ ਲੱਗੇ ਮੈਨੂੰ ਠੰਡਾ ਕਰਦੀ।

ਜੋ ਤੂੰ ਆਖੇਂ ਉਹ ਕਰਦਾ ਹਾਂ,
ਤੇਰੇ ਸਾਹੀਂ ਸਾਹ ਭਰਦਾ ਹਾਂ।

ਧੀਏ ਰੱਬ ਤੈਨੂੰ ਰਾਜ ਕਰਾਵੇ,
'ਸੁੱਖ' ਦੀ ਉਮਰ ਤੈਨੂੰ ਲੱਗ ਜਾਵੇ।

●

ਭਰਿਆ ਮੇਲਾ ਫਿਰ ਵੀ ਬੰਦਾ ਕੱਲ੍ਹਾ ਹੈ,
ਖੁਦ ਨੂੰ ਸਿਆਣਾ ਸਮਝੇ ਝੱਲ ਵਲੱਲਾ ਹੈ।

ਹਰੀ, ਰਾਮ, ਗੋਪਾਲ, ਬੀਠਲ ਅਤੇ ਨਰਾਇਣ ਜੀ,
ਰੱਬ ਦੇ ਹੀ ਸਭ ਨਾਮ, ਵਾਹਿਗੁਰੂ, ਅੱਲਾ ਹੈ।

ਜਨਤਾ ਨੂੰ ਜੁੱਤੀ ਦੀ ਨੋਕ ਤੇ ਰੱਖੇ ਜੋ,
ਸਿਆਸਤ ਦਾ ਬਣ ਬੈਠਾ ਦੁੰਮ-ਛੱਲਾ ਹੈ,

ਵ੍ਰਿੰਦਾਵਨ ਵਿੱਚ ਹੋਲੀ ਖੇਡੀ ਜਾਂਦੀ ਹੈ,
ਅਨੰਦਪੁਰ ਦਾ ਤਾਂ ਹੁੰਦਾ ਹੋਲਾ-ਮਹੱਲਾ ਹੈ।

ਹਰੀਕੇ ਪੱਤਣ ਮਿਲਦੇ ਸਤਲੁਜ ਅਤੇ ਬਿਆਸ ਦੋਵੇਂ,
ਜੱਲੇ ਦਾ ਪੁੱਤ ਰੁੜ੍ਹਿਆ ਏਥੇ ਛੱਲਾ ਹੈ।

ਗਵਾਲੀਅਰ ਕੀ, ਹਰ ਕੈਦ ਚੋਂ ਛੁੱਟ ਜਾਵੇ,
ਮੁਰਸ਼ਦ ਦਾ ਜਿਸਨੇ ਫੜ੍ਹ ਲਿਆ ਪੱਲਾ ਹੈ।

ਥੋੜਿਆਂ ਅੰਦਰ ਗਿਆਨ ਦਾ ਦੀਵਾ ਜਗਦਾ ਹੈ,
ਜੀਵਨ ਦਾ ਦਸਤੂਰ ਹੀ ਬੜਾ ਅਵੱਲਾ ਹੈ।

ਫਿਰੋਜ਼ਪੁਰ ਹੈ ਜ਼ਿਲ੍ਹਾ ਮੇਰਾ, ਜ਼ੀਰਾ ਹੈ ਤਹਿਸੀਲ,
"ਸੁੱਖ" ਦਾ ਜ਼ੀਰੇ ਆਦਰਸ਼ ਨਗਰ ਮੁਹੱਲਾ ਹੈ।

●

ਮਰਦ ਹੈ ਫੁੱਲ ਗੁਲਾਬ ਦਾ
ਤਾਂ ਔਰਤ ਹੈ ਸੁਗੰਧ।
ਦੋਹਾਂ ਬਿਨਾਂ ਨਾ ਚੱਲਣਾ,
ਕੁਦਰਤ ਦਾ ਪ੍ਰਬੰਧ।

ਮਰਦ ਅਤੇ ਪਹਾੜ ਦਾ,
ਜੇ ਰਿਸ਼ਤਾ ਹੈ ਮਜ਼ਬੂਤ।
ਬ੍ਰਹਿਮੰਡ ਵਿਚਲੀ ਕੋਮਲਤਾ ਦਾ,
ਔਰਤ ਨਾਲ ਸੰਬੰਧ।

ਖ਼ੂਨ ਦੀ ਜੀਕਣ ਲੋੜ ਹੈ,
ਦਿਲ ਪੁਰਜੇ ਨੂੰ ਬਹੁਤ।
ਅਧੂਰਾ ਹੈ ਜੀ ਗ੍ਰਿਹਸਥ ਦਾ,
ਇੱਕ ਦੂਜੇ ਬਿਨ ਪੰਧ।

ਮਰਦ ਘਰ ਦੀ ਨੀਂਹ ਹੈ,
ਜਿੰਦਰੇ ਦੇ ਵਾਂਗੂੰ ਰਾਖਾ,
ਘਰ ਨੂੰ ਘਰ ਬਣਾਉਂਦੀ ਜੋ,
ਔਰਤ ਬਾਹਰੀ ਕੰਧ।

"ਜ਼ੀਰੇ ਵਾਲਿਆ" ਚੁੱਕੀ ਫਿਰਦੇ,
ਸਾਕਾਂ ਦੀਆਂ ਇਹ ਪੰਡਾਂ।
ਦੋਹਾਂ ਬਿਨ ਸੰਸਾਰ ਦੇ ਉੱਤੇ,
ਦਿਨੇ ਹੋ ਜਾਊ ਅੰਧ।

●

ਲਾਡਾਂ ਨਾਲ ਸੀ ਪਾਲ਼ੇ ਜਿਹੜੇ
ਹੋ ਗਏ ਪੁੱਤ ਕਪੁੱਤ।

ਰਿਸ਼ਤਿਆਂ ਨੂੰ ਕੀ ਸਾਂਭਣਗੇ
ਜੋ ਰਹਿਣ ਨਸ਼ੇ ਵਿੱਚ ਧੁੱਤ।

ਪੁੱਤ ਜੇ ਪਿਓ ਦੀ ਦਾਹੜੀ ਫੜ੍ਹਲੇ
ਰੋਂਦੀ ਮਾਂ ਦੀ ਕੁੱਖ।

ਤਖ਼ਤ ਜਦੋਂ ਵੀ ਜ਼ਾਲਮ ਹੋ ਜੇ,
ਯੋਧੇ ਪੈਂਦੇ ਉੱਠ।

ਦੇਸ਼ ਦੇ ਵਾਸੀ ਭੁੱਖੇ ਮਰਦੇ,
ਛੇ ਸੌ ਫੁੱਟੇ ਬੁੱਤ।

ਸੰਨ ਸੰਤਾਲੀ ਅਤੇ ਚੁਰਾਸੀ,
ਖ਼ੂਨੀ ਬਣ ਗਈ ਰੁੱਤ।

ਕਿਹੜੀ ਚੀਜ਼ ਸਰੀਰੋਂ ਨਿਕਲੇ,
ਪਿੱਛੇ ਰਹਿ ਜੇ ਬੁੱਤ।

ਨਸਲਕੁਸ਼ੀ ਨੂੰ ਕਾਹਲੇ ਲੋਕ,
ਧਰਮਾਂ ਦੀ ਏ ਚੁੱਕ।

ਦੁਨੀਆਂ ਦੀ ਹਰ ਛੈਅ ਹੈ ਛੋਟੀ,
ਸਭ ਤੋਂ ਵੱਡੀ ਭੁੱਖ।

ਮਾਂ ਬੋਲੀ ਪੰਜਾਬੀ ਨੂੰ,
ਨਾਨਕ ਨੇ ਚਾੜ੍ਹੀ ਪੁੱਠ।

ਬੇ-ਅਣਖੀ ਜੇ ਹੋ ਗਏ ਨੇ,
ਪੰਜਾਬ ਸਿਆਂ ਤੇਰੇ ਪੁੱਤ।

ਕਾਦਰ ਦੀ ਕੁਦਰਤ ਦਾ ਆਸ਼ਕ,
ਜ਼ੀਰੇ ਵਾਲਾ 'ਸੁੱਖ'।

●

ਗੁੱਸਾ ਬੜਾ ਚੰਡਾਲ ਹੈ ਭਾਈ,
ਇਸ ਦੇ ਹਿੱਸੇ ਨਫ਼ਰਤ ਆਈ।

ਹਰ ਮਰਜ਼ ਦਾ ਤੋੜ ਹੈ ਮਿਲਦਾ,
ਸ਼ੱਕ ਦੀ ਨਾ ਕੋਈ ਬਣੀ ਦਵਾਈ।

ਕਈ ਗੱਲਾਂ ਨੂੰ ਟਾਲਿਆ ਚੰਗਾ,
ਪਰਬਤ ਬਣ ਜਾਂਦੀ ਹੈ ਰਾਈ।

ਜਿੱਥੇ ਆਲਸ ਘਰ ਕਰ ਜਾਂਦਾ,
ਉਸ ਥਾਂ ਗ਼ੁਰਬਤ ਰਹਿੰਦੀ ਛਾਈ।

ਰਿਸ਼ਤੇ ਵੀ ਹੁਣ ਪਾਕ ਰਹੇ ਨਾ,
ਕਲਯੁਗ ਨੇ ਕੈਸੀ ਅੱਗ ਲਾਈ।

ਬੱਚਿਆਂ ਨੂੰ ਸਹੀ ਰਾਹ ਦਿਖਾਉਂਦੀ,
ਮਾਪਿਆਂ ਦੀ ਕੀਤੀ ਸਖ਼ਤਾਈ।

ਨਾੜ ਤਰਕ ਦੀ ਕੱਟ ਕੇ ਬਾਬੇ,
ਸ਼ਰਧਾ ਉੱਲੂ ਜਾਣ ਬਣਾਈ।

ਬੰਦਾ ਨਹੀਂ ਉਹ ਲੋਥ ਹੀ ਹੁੰਦਾ,
ਜਾਣੇ ਨਾ ਜੋ ਪੀੜ ਪਰਾਈ।

ਜ਼ਿੰਦਗੀ ਦਲਦਲ ਕਰ ਦਿੰਦਾ ਹੈ,
ਸਮੇਂ ਨੂੰ ਜੇਕਰ ਪਿੱਠ ਦਿਖਾਈ।

ਮੌਤ ਅੱਗੇ ਕੋਈ ਜ਼ੋਰ ਨਾ ਚੱਲੇ,
ਪਾਉਂਦੇ ਫਿਰਦੇ ਲੋਕ ਦੁਹਾਈ।

ਭੁੱਖ ਨੰਗ ਨਾਲ ਘੁਲਦਾ ਜਿਹੜਾ,
ਕੀ ਖੁਦਾ ਦੀ ਕਰੂ ਖੁਦਾਈ।

ਧੰਨ ਲਿਖਾਰੀ ਲਿਖਣ ਲਈ ਜਿਸ,
ਸਭ ਤੋਂ ਪਹਿਲੀ ਕਲਮ ਬਣਾਈ।

"ਜ਼ੀਰੇ ਵਾਲਿਆ" ਤੰਗ ਕਰਦੀ ਹੈ,
ਰਿਸ਼ਤਿਆਂ ਵਿੱਚ ਕੀਤੀ ਅੜਬਾਈ।

●

ਜਿਉਂਦੇ ਮੜ੍ਹਕ ਕੇ ਤੁਰਦੇ ਹੁੰਦੇ,
ਆਕੜ ਦੇ ਤਾਂ ਮੁਰਦੇ ਹੁੰਦੇ।

ਬੰਦਿਆਂ ਵਿੱਚ ਹੈ ਇੱਕ ਪਰਜਾਤੀ,
ਹੁੰਦਿਆਂ-ਸੁੰਦਿਆਂ ਝੁਰਦੇ ਹੁੰਦੇ।

ਧੀਆਂ-ਪੁੱਤਰ ਪਾਲਦੇ-ਪਾਲਦੇ,
ਮਾਪਿਆਂ ਦੇ ਹੱਡ ਖੁਰਦੇ ਹੁੰਦੇ।

ਕਈ ਬੰਦਿਆਂ ਦੀ ਫਿਤਰਤ ਐਸੀ,
ਮਤਲਬ ਕੱਢ ਕੇ ਤੁਰਦੇ ਹੁੰਦੇ।

ਰਿਸ਼ਤੇ ਵੱਢਣੀ ਜੀਭ ਦੇ ਸੱਜਣਾ,
ਕਦੇ ਨਾ ਦੰਦੇ ਭੁਰਦੇ ਹੁੰਦੇ।

ਪੈਸੇ ਦੇ ਜੋ ਪੁੱਤ ਬਣ ਗਏ,
ਰਿਸ਼ਤਿਆਂ ਨੂੰ ਉਹ ਝੁਰਦੇ ਹੁੰਦੇ।

ਜ਼ਮੀਰ ਨੂੰ ਗਿਰਵੀ ਜੋ ਰੱਖ ਦਿੰਦੇ,
"ਜ਼ੀਰੇ ਵਾਲਿਆ" ਮੁਰਦੇ ਹੁੰਦੇ।

●

ਚੱਲ ਉੱਠ ਸ਼ਾਇਰਾ, ਚਲਾ ਦੇ ਕੋਈ ਗੀਤ,
ਬੀਜ਼ ਦਈਏ ਕਲਮਾਂ, ਤੇ ਉੱਗ ਪੈਣ ਗੀਤ।

ਪਿਆਰ ਵਾਲੇ ਗੀਤ ਜਦੋਂ, ਫਿਜ਼ਾ ਵਿੱਚ ਗੂੰਜਣੇ,
ਦੁਸ਼ਮਣ ਵੀ ਬਣ ਜਾਣੇ, ਸਾਰੇ ਹੀ ਮੀਤ।

ਰਲ ਮਿਲ ਮੀਤ ਜਦੋਂ, ਮਹਿਫ਼ਿਲਾਂ ਸਜਾਉਣਗੇ,
ਅਨੰਦ ਮਈ ਕੰਨੀਂ ਪਊ, ਅਨਹਦ ਸੰਗੀਤ।

ਧਰਤੀ ਹੈ ਮਾਤਾ ਸਾਡੀ, ਪੌਣ ਸਾਡਾ ਗੁਰੂ ਹੈ,
ਪਾਣੀ ਪਿਤਾ ਨਾਲ ਗੂੜ੍ਹੀ, ਜੀਵਾਂ ਦੀ ਪ੍ਰੀਤ।

"ਸੁੱਖ ਜ਼ੀਰੇ ਵਾਲਿਆ", ਜਿੱਤਣਾ ਤਾਂ ਜਿੱਤ ਲੈ,
ਬਾਣੀ ਵੀ ਆਖੇ, 'ਮਨਿ ਜੀਤੈ ਜਗੁ ਜੀਤੁ'।

•

ਪਾਪਾਂ ਤੋਂ ਵੀ ਵੱਡਾ ਪਾਪ,
ਰੁਲਦੇ ਫਿਰਨ ਜੇ ਮਾਈ-ਬਾਪ।
ਧਰਤੀ ਉਤਲੇ ਜੀਵਨ ਦੇ ਲਈ,
ਸੂਰਜ ਦੇ ਅੰਦਰ ਹੈ ਤਾਪ।
ਵਰ੍ਹਿਆਂ ਤੱਕ ਜੇ ਮਿਣਦੇ ਰਹੀਏ,
ਅੰਬਰ ਦਾ ਨਾ ਮੁੱਕਣਾ ਨਾਪ।
ਰਕਤ ਬੀਜ ਨੂੰ ਮਾਰਨ ਦੇ ਲਈ,
ਖ਼ੂਨ ਵੀ ਪੀ ਗਈ ਦੁਰਗਾ ਆਪ।
ਦੁਨੀਆਂ ਜਿੱਤਣ ਵਾਲਿਆਂ ਕਰਕੇ,
ਜਨਤਾ ਨੇ ਝੱਲਿਆ ਸੰਤਾਪ।
ਜਿਸ ਹਿਰਦੇ ਵਿੱਚ ਸੱਚ ਦੀ ਲੋਅ,
ਉੱਥੇ ਨਾ ਕੋਈ ਥਾਪ*-ਉਥਾਪ*।
ਦੌਲਤ ਲਈ ਜੋ ਜ਼ੁਲਮ ਸੀ ਕਰਦੇ,
ਤਖ਼ਤਾਂ ਵਾਲੇ ਹੋ ਗਏ ਖਾਪ*।
ਦਸ ਜਾਮਿਆਂ ਬਾਅਦ ਸ਼ਬਦ ਨੂੰ,
ਨਾਨਕ ਨੇ ਦਿੱਤਾ ਗੁਰੂ ਥਾਪ।
ਪੱਥਰ ਮੂੰਹੋਂ ਬੋਲਣ ਲੱਗਦੇ,
ਬੁੱਤਘਾੜਾ ਜਦੋਂ ਲੈਂਦਾ ਕਾਪ*।
ਪੂਰਾ ਜੇਕਰ ਗਿਆਨ ਨਾ ਹੋਵੇ,
ਮੂੰਹ ਨੂੰ ਲਾ ਕੇ ਰੱਖੀਏ ਝਾਪ*।
ਜ਼ਿੰਦਗੀ ਨੂੰ ਜੇ ਸਹਿਜੇ ਕਰਨਾ,
ਗੁਰ ਮੰਤ੍ਰ ਦਾ ਕਰੀਏ ਜਾਪ।
"ਜ਼ੀਰੇ ਵਾਲਿਆ" ਪਿਆਰਾਂ ਵਾਲੀ,
ਦਿਲਾਂ ਦੇ ਉੱਤੇ ਛੱਡੀਏ ਛਾਪ।

---

* ਥਾਪ - ਬਨਾਉਣਾ
* ਉਥਾਪ - ਭੰਨ ਤੋੜ
* ਖਾਪ - ਨਾਸ਼ ਹੋਣਾ
* ਕਾਪ - ਤਰਾਸ਼ਨਾ
* ਝਾਪ - ਢੱਕਣ, ਪਰਦਾ

•

ਸੱਜਣ ਪਿਆਰਿਓ ਮੁੱਖੜਾ ਦਿਖਾਓ ਜੀ,
ਘੁੰਮਦੇ-ਘੁੰਮਾਉਂਦੇ ਸਾਡੀ ਗਲੀ ਫੇਰਾ ਪਾਓ ਜੀ।

ਰਾਹ ਵੇਖ ਨੈਣ ਸਾਡੇ ਪੱਥਰ ਜਿਹੇ ਹੋ ਗਏ,
ਦਰਸ਼ਨ ਵਾਲਾ ਤੁਸੀਂ ਸ਼ਰਬਤ ਪਿਆਓ ਜੀ।

ਮਾਰੂਥਲਾਂ ਵਾਂਙ ਅਸੀਂ ਪਾਣੀਆਂ ਨੂੰ ਤਰਸੇ ਹਾਂ,
ਜਨਮਾਂ ਦੀ ਤੇਹ ਲੱਗੀ ਆਣ ਕੇ ਮਿਟਾਓ ਜੀ।

ਕੱਲ੍ਹਿਆਂ ਹਨ੍ਹੇਰੇ ਵਿੱਚ ਡਰ ਬੜਾ ਲੱਗਦਾ ਹੈ,
ਹੱਥ ਫੜ੍ਹ ਤੁਸੀਂ ਸਾਡਾ ਧੀਰ ਬੰਧਾਓ ਜੀ।

ਮੁੱਦਤਾਂ ਤੋਂ ਸਫ਼ਰਾਂ ਤੇ ਮੰਜ਼ਿਲ ਨਾ ਮਿਲੀ ਅਜੇ,
ਭਟਕਦੀ ਫਿਰੇ ਜਿੰਦ ਗਲ ਨਾਲ ਲਾਓ ਜੀ।

ਚੁੰਮ-ਚੁੰਮ ਰੱਖੇ ਜਿਵੇਂ ਲੋਰੀਆਂ ਸੁਣਾਉਂਦੀ ਕੋਈ,
ਮਾਂ ਵਾਂਙੂੰ ਤੁਸੀਂ ਮੈਨੂੰ ਲਾਡ ਲਡਾਓ ਜੀ।

ਮੰਗਤੇ ਦੀ ਝੋਲੀ ਵਿੱਚ ਖ਼ੈਰ ਤੁਸੀਂ ਪਾ ਦਿਓ,
"ਸੁੱਖ ਜ਼ੀਰੇ ਵਾਲੇ" ਨੂੰ ਨਾ ਐਨਾ ਤਰਸਾਓ ਜੀ।


www.PunjabiLibrary.com

●

ਬੰਦੇ ਅੰਦਰ ਬੰਦੇ ਹੁੰਦੇ,
ਕਈ ਚੰਗੇ ਕਈ ਮੰਦੇ ਹੁੰਦੇ।

ਧਰਮ ਨਾ ਕੋਈ ਧੰਦਾ ਹੈ ਜੀ,
ਧਰਮ ਦੇ ਨਾਅ ਤੇ ਧੰਦੇ ਹੁੰਦੇ।

ਯਾਰੀ ਲਾ ਕੇ ਭੰਡੀ ਜਾਂਦੇ,
ਬੰਦੇ ਨਹੀਂ ਉਹ ਰੰਦੇ ਹੁੰਦੇ।

ਲੋੜੋਂ ਵੱਧਕੇ ਜੀ-ਜੀ ਕਰਦੇ,
ਝੂਠ ਦੇ ਉਹ ਪੁਲੰਦੇ ਹੁੰਦੇ।

ਆਰੀ ਵਾਂਙੂੰ ਰਿਸ਼ਤੇ ਵੱਢਦੀ,
ਜੀਭ ਦੇ ਵੀ ਤਾਂ ਦੰਦੇ ਹੁੰਦੇ।

ਚਾਪਲੂਸ ਨੂੰ ਮਿਲਦੇ ਰੁਤਬੇ,
ਅਣਖੀ ਦੇ ਗਲ ਫੰਦੇ ਹੁੰਦੇ।

ਲਾਲਚ ਦੇ ਕਦੇ ਪੈਰ ਨਾ ਲੱਗਣ,
ਮਨ ਜੋ ਸਬਰ ਦੇ ਥੰਦੇ ਹੁੰਦੇ।

ਔਰਤ ਦੀ ਜੋ ਪੱਤ ਰੋਲਦੇ,
ਰੂੜੀ ਤੋਂ ਵੀ ਗੰਦੇ ਹੁੰਦੇ।

"ਜ਼ੀਰੇ ਵਾਲਿਆ" ਸੱਚ ਜੋ ਬੋਲਣ,
ਉਹ ਹੀ ਨਸਲੀ ਬੰਦੇ ਹੁੰਦੇ।

●

ਸੱਜਣ ਦੁਨੀਆਂ ਛੱਡ ਜਾਵੇ ਤਾਂ
ਪੈਂਦੀ ਦਿਲ ਨੂੰ ਧੂਹ,
ਪਰਦੇਸੀ ਲਈ ਮੱਕਾ ਹੁੰਦੀ,
ਆਪਣੇ ਪਿੰਡ ਦੀ ਜੂਹ।

ਕਰੀ ਤਰੱਕੀ ਆਦਮ ਨੇ ਤਾਂ
ਪੱਥਰਾਂ ਦੇ ਜੰਗਲ ਉੱਗੇ,
ਨਾ ਹੁਣ ਦਿਸਦੇ ਟਿੱਬੇ ਕਿਧਰੇ
ਨਾ ਟਿੰਡਾਂ ਵਾਲੇ ਖੂਹ।

ਲਛਮਣ ਵਰਗਾ ਭਾਈ ਸੀ ਇੱਕ
ਜਿਸ ਕੱਟਿਆ ਵਣਵਾਸ,
ਇੱਕ ਸੁਗ੍ਰੀਵ ਨੇ ਰਾਜ ਭਾਗ ਲਈ
ਲੰਕਾ ਦਿੱਤੀ ਲੂਹ।

ਲੰਬੀ ਮਾਰ ਉਡਾਰੀ ਆਉਂਦੇ
ਹਰੀਕੇ ਪੱਤਣ ਪਰਿੰਦੇ,
ਇਸ ਪੱਤਣ ਤੋਂ ਲਹਿੰਦੇ ਵੱਲ ਹੈ
ਉੱਚਾ ਪਿੰਡ ਇੱਕ ਬੂਹ।

ਤਨ ਦੇ ਜਖ਼ਮ ਤਾਂ ਭਰ ਜਾਂਦੇ
ਜਦ ਨੋਚਣ ਵਹਿਸ਼ੀ ਬੰਦੇ,
"ਜ਼ੀਰੇ ਵਾਲਿਆ" ਜ਼ਖਮੀ ਰਹਿੰਦੀ
ਔਰਤ ਦੀ ਪਰ ਰੂਹ।

●

ਦਿਲ ਆਪਣੇ ਨੂੰ ਰੋਗ ਲਾ ਲਿਆ,
ਖ਼ੁਸ਼ੀਆਂ ਦਾ ਮੈਂ ਭੋਗ ਪਾ ਲਿਆ,
ਫੇਰ ਕਿਹੜਾ ਮੈਂ ਬਣ ਗਿਆ ਡੀ.ਸੀ.,
ਜਦੋਂ ਦਾ ਮੈਂ ਵਿਆਹ ਕਰਵਾਅ ਲਿਆ।

ਕੁਝ ਨਾ ਕੁਝ ਤਾਂ ਕਹਿ ਓਏ ਸੱਜਣਾ,
ਸਾਡੇ ਕੋਲੇ ਬਹਿ ਓਏ ਸੱਜਣਾ,
ਨਹੀਂ ਮਿਲਣਾ ਤਾਂ ਤੇਰੀ ਮਰਜ਼ੀ,
ਢੱਠੇ ਖੂਹ ਵਿੱਚ ਪੈ ਓਏ ਸੱਜਣਾ।

ਕਾਕਾ ਜੀ ਜਦੋਂ ਬਹੂ ਲਿਆਏ,
ਵਾਜੇ ਗਾਜੇ ਖ਼ੂਬ ਵਜਾਏ,
ਢੋਲ ਵਿਆਹ ਦਾ ਪਾਟ ਗਿਆ ਏ,
ਕਾਕਾ ਜੀ ਦਾ ਅਰਾਟ ਪਿਆ ਏ।

ਨੱਕ ਤੇ ਮੱਖੀ ਬਹਿਣ ਨਾ ਦਿੰਦੀ,
ਛੱਡ ਪਰਾਂ ਤਾਂ ਕਹਿਣ ਨਾ ਦਿੰਦੀ।
ਮੇਰੀ ਬੇਗਮ ਬਾਹਲੀ ਡਾਹਢੀ,
ਮੰਜੇ ਤੇ ਝੱਟ ਪੈਣ ਨਾ ਦਿੰਦੀ।

ਰਾਜ ਹੀ ਸੀ ਇਹ ਕਾਹਦੀ ਸੇਵਾ ,
ਆਪ ਹੀ ਖਾ ਗਏ ਸਾਰਾ ਮੇਵਾ,
ਸੱਥਰਾਂ ਉੱਤੇ ਭੁੱਬਾਂ ਮਾਰਨ,
ਜਨਤਾ ਨੂੰ ਕਰਕੇ ਇਹ ਬੇਵਾ।

ਜੋ ਸੁਣਿਆਂ ਸੀ ਸੱਚ ਨਿਕਲਿਆ,
ਹੀਰਾ ਸਮਝਿਆ ਕੱਚ ਨਿਕਲਿਆ,
ਸੌ ਗੱਲਾਂ ਦੀ ਇੱਕ ਹੀ ਆਖਾਂ,
ਤੂੰ ਖੱਚਾਂ ਦਾ ਖੱਚ ਨਿਕਲਿਆ।

ਖਾਣ ਵਾਲੇ ਨੂੰ ਕਹਿੰਦੇ ਜੀਰਾ,
ਮੇਰੇ ਸ਼ਹਿਰ ਦਾ ਨਾਂਅ ਹੈ 'ਜ਼ੀਰਾ',
ਵੱਡੇ ਛੋਟੇ ਨਾਲ 'ਸੁੱਖ" ਤੂੰ,
ਪਿਆਰ ਦਾ ਭਰਿਆ ਕਰ ਵਤੀਰਾ।

●

ਮਨ ਜਦ ਹੋ ਜਾਂਦਾ ਪ੍ਰਬੁੱਧ,
ਬੰਦਾ ਬਣ ਜਾਏ ਗੌਤਮ ਬੁੱਧ।

ਬਰਬਾਦੀ ਤੇ ਭੁੱਖਮਰੀ ਬਿਨ,
ਪੱਲੇ ਕੁੱਝ ਨਾ ਪਾਉਂਦੇ ਯੁੱਧ।

ਆਚਰਣ ਜੇ ਉੱਚਾ ਹੋਵੇ,
ਬੰਦੇ ਦਾ ਕੱਦ ਹੋ ਜਾਏ ਉੱਧ*।

ਡੱਬਿਆਂ ਵਾਲੇ ਦੁੱਧ ਪਿਉਂਦੀਆਂ,
ਮਾਵਾਂ ਦੇ ਸੁੱਕ ਗਏ ਨੇ ਦੁੱਧ।

ਸੋਚ ਤੇਰੀ ਨੇ ਪਾਏ ਉਜਾੜੇ,
ਬੰਦਿਆ ਕਰ ਕੁਦਰਤ ’ਤੇ ਰੁਧ*।

ਮਾਪੇ ਬਿਰਧ ਆਸ਼ਰਮ ਛੱਡੇ,
ਬੱਚਿਆਂ ਦੀ ਮੱਤ ਹੋਈ ਕਬੁੱਧ।

ਬੰਦਾ ਅੰਦਰੋਂ ਟੁੱਟ ਜਾਂਦਾ ਹੈ,
ਦੁੱਖਾਂ ਦੀ ਜਦ ਵੱਜਦੀ ਹੁਧ*।

“ਜ਼ੀਰੇ ਵਾਲਿਆ” ਮਾਂ ਬੋਲੀ ਦਾ,
ਸ਼ਬਦ ਨਾ ਲਿਖੀਏ ਕੋਈ ਅਸ਼ੁੱਧ।

---

* ਉੱਧ – ਉੱਚਾ
* ਰੁਧ – ਦਯਾ ਕਰਨਾ
* ਹੁਧ – ਸੋਟੇ ਦੇ ਸਿਰੇ ਦੀ ਠੋਕਰ

●

ਅਕਲ ਹਮੇਸ਼ਾਂ ਹਾਰ ਜਾਂਦੀ ਏ ਗੁੱਸੇ ਤੋਂ।
ਸੁਰਤ ’ਚ ਆਉਂਦੀ ਸਿਰ ਵਿੱਚ ਵੱਜੇ ਖੁੱਸੇ ਤੋਂ।
ਅਕਸਰ ਨਹੀਂ ਪਰ, ਕਈ ਵਾਰੀ ਇਹ ਹੋ ਜਾਂਦਾ,
ਯਾਰ ਦੇ ਵਰਗਾ, ਦੁਸ਼ਮਣ ਨਾ ਕੋਈ ਰੁੱਸੇ ਤੋਂ।

ਬੱਚਿਆਂ ਦੀਆਂ ਸ਼ਰਾਰਤਾਂ ਵਿੱਚ ਸ਼ੈਤਾਨੀ ਨਹੀਂ ਹੁੰਦੀ,
ਸੱਚ ਬੋਲਣ ਨਾਲ ਮਿੱਤਰੋਂ ਕਦੇ ਵੀ ਹਾਨੀ ਨਹੀਂ ਹੁੰਦੀ,
ਬਹੁਤਾ ਪੜ੍ਹਿਆ ਅਸੀਂ ਤਾਂ ਕਈ ਹੰਕਾਰ ਵੀ ਕਰ ਜਾਂਦੇ,
ਜਾਣਕਾਰੀ ਹੀ ਸਿਆਣਪ ਦੀ ਨਿਸ਼ਾਨੀ ਨਹੀਂ ਹੁੰਦੀ।

ਚਿਹਰਿਆਂ ਉੱਤੇ ਚਿਹਰੇ ਲਾ ਕੇ ਕਈ ਜਿਉਂਦੇ ਨੇ,
ਮਰ ਨਾ ਜਾਈਏ ਕਿਧਰੇ ਤਾਂ ਹੀਂ ਰੱਬ ਧਿਆਉਂਦੇ ਨੇ,
ਯਾਰ ਦੇ ਘਰ ਦੀ ਇੱਜ਼ਤ ਖੇਰੂੰ-ਖੇਰੂੰ ਕਰਨੇ ਲਈ,
ਘੁੱਕਰ ਵਰਗੇ ਨੀਚ ਯਾਰ ਕਈ ਯਾਰੀ ਲਾਉਂਦੇ ਨੇ।

ਝੁੱਕ ਜਾਂਦੇ ਜੋ ਸਿਰ ਕਦੇ ਵੀ ਸੀਸ ਨਹੀਂ ਬਣਦੇ,
ਝੂਠੇ ਮੂੰਹੋਂ ਨਿਕਲੇ ਸ਼ਬਦ ਹਦੀਸ ਨਹੀਂ ਬਣਦੇ,
ਕੁਦਰਤ ਦਾ ਪਰਿਵਰਤਨ ਤਾਂ ਜੀ ਉੱਤਮ ਕਾਰਜ ਹੈ,
ਸਬਰ ਸ਼ੁਕਰ ਜੇ ਹੋਵੇ ਤਾਂ ਦੁੱਖ ਚੀਸ ਨਹੀਂ ਬਣਦੇ।

ਮਿਰਗ ਦੇ ਅੰਦਰ ਹੈ ਕਸਤੂਰੀ ਬਾਹਰੋਂ ਲੱਭਦਾ ਫਿਰਦਾ,
ਬੰਦਾ ਅੱਜ ਕੱਲ੍ਹ ਅਸਲੋਂ ਹੀ ਕਿਰਦਾਰ ਤੋਂ ਜਾਵੇ ਗਿਰਦਾ।
ਹੁਣ ਤਾਂ ਕੋਹਾਂ ਦੂਰੀ ਹੈ ਦੁਨੀਆਂ ਦੀ ਭਟਕਣ ਤੋਂ ,
“ਜ਼ੀਰੇ ਵਾਲਾ” ਠਹਿਰ ਗਿਆ ਹੈ ਭਟਕ ਰਿਹਾ ਸੀ ਚਿਰ ਦਾ।

●

ਹੈਂ ! ਰੱਬਾ ਇੱਕ ਗੱਲ ਤਾਂ ਦੱਸ,
ਕੀ ਇਹ ਬ੍ਰਹਿਮੰਡ ਤੇਰੇ ਵੱਸ?

ਮੇਰੇ ਲਈ ਇੱਕ ਕੰਮ ਤਾਂ ਕਰਦੇ,
ਸਭ ਦੇ ਵਿਹੜੇ ਖੁਸ਼ੀਆਂ ਭਰਦੇ।

ਮਾਂ ਦੀ ਕੁੱਖ ਨੂੰ ਕਬਰ ਕਰੀਂ ਨਾ,
ਨੂੰਹਾਂ ਉੱਤੇ ਜ਼ਬਰ ਕਰੀਂ ਨਾ।

ਬੇ-ਘਰਿਆਂ ਨੂੰ ਘਰ ਤੂੰ ਦੇਵੀਂ,
ਲੋੜਵੰਦਾਂ ਨੂੰ ਜ਼ਰ ਵੀ ਦੇਵੀਂ।

ਕਿਸੇ ਦਾ ਕੋਈ ਹੱਕ ਨਾ ਮਾਰੇ,
ਸੁੱਟੇ ਨਾ ਕੋਈ ਅੱਥਰੂ ਖਾਰੇ।

ਦੀਨ ਦੁਖੀ ਦੇ ਦੁੱਖ ਹਰੀਂ ਤੂੰ,
ਝੋਲੀਆਂ ਦਾਤਾਂ ਨਾਲ ਭਰੀਂ ਤੂੰ।

ਭੁੱਖੇ ਨੂੰ ਦੇ ਦੇਵੀਂ ਰੋਟੀ,
ਸੱਚਿਆਂ ਦੇ ਨਾ ਵੱਜੇ ਸੋਟੀ।

ਤਖਤਾਂ ਉੱਤੇ ਬਹਿਣ ਨਾ ਕੁੱਤੇ,
ਲੋਕੀਂ ਨਾ ਰਹਿ ਜਾਵਣ ਸੁੱਤੇ।

ਦੁਸ਼ਮਣ ਨੂੰ ਵੀ ਯਾਰ ਕਰੀਂ ਤੂੰ,
'ਸੁੱਖ' ਦਾ ਬੇੜਾ ਪਾਰ ਕਰੀਂ ਤੂੰ।

●

ਲੂਣਾ ਪਿੱਛੇ ਲੱਗ ਸਲਵਾਨ ਨੇ,
ਪੂਰਨ ਖੂਹ ਵਿੱਚ ਸੁੱਟਿਆ,
ਗੋਰਖ ਨਾਥ ਨੇ ਜਦੋਂ ਕੱਢਿਆ,
ਧਾਗਾ ਵੀ ਨਾ ਟੁੱਟਿਆ।

ਚੰਚਲ ਮਨ ਨੂੰ ਸਬਰ ਦਾ,
ਫੜ੍ਹ ਸੰਗਲ ਦਈਏ ਪਾ,
ਔਖ ਵੇਲੇ ਕੰਮ ਹੈ ਆਉਂਦਾ,
ਸੌਖ ਵੇਲੇ ਹੱਥ ਘੁੱਟਿਆ।

ਸੋਚ ਦਾ ਦੀਵਾ ਗੁੱਲ ਕਰਕੇ ਜੋ,
ਮੜ੍ਹੀ ਤੇ ਦੀਪ ਜਗਾਉਂਦਾ,
ਆਪਣੇ ਹੱਥੀਂ ਆਪ ਹੀ ਉਹ,
ਜਾਂਦਾ ਹੈ ਫਿਰ ਲੁੱਟਿਆ।

ਦਿਨ-ਰਾਤ ਦੇ ਵਾਂਗੂੰ ਦੁਖ-ਸੁਖ,
ਜ਼ਿੰਦਗੀ ਦੇ ਨੇ ਗਹਿਣੇ,
ਜਿਉਂਦੀ ਜਿੰਦ ਨੂੰ ਲੱਖ ਮੁਸੀਬਤ,
ਮਰੇ ਤੋਂ ਖਹਿੜਾ ਛੁੱਟਿਆ।

"ਜ਼ੀਰੇ ਵਾਲਿਆ" ਨਾ ਕਰੀਂ ਜੇ,
ਚੰਗਾ ਕੁੱਝ ਨਹੀਂ ਕਰਨਾ,
ਆਪਣੇ ਇਖ਼ਲਾਕ ਤੋਂ ਡਿੱਗ ਜਾਂਦਾ,
ਜੋ ਮੰਦੇ ਕੰਮੀਂ ਜੁੱਟਿਆ।

●

ਮਹਾਂਕਾਲ ਰਖਵਾਲ ਹਮਾਰਾ,
ਸਿਰਜਿਆ ਜਿਸਨੇ ਇਹ ਸੰਸਾਰਾ।

ਲੱਖ ਚੌਰਾਸੀ ਜੂਨਾਂ ਵਿੱਚੋਂ,
ਹਰ ਮਾਂ ਨੂੰ ਹੈ ਬਾਲ ਪਿਆਰਾ।

ਭਗਵਤ ਗੀਤਾ ਅਤੇ ਰਮਾਇਣ,
ਮਹਾਂਭਾਰਤ ਹੈ ਗ੍ਰੰਥ ਨਿਆਰਾ।

ਕਾਨ੍ਹਾ ਨੇ ਚੀਚੀ ’ਤੇ ਚੁੱਕਿਆ,
ਗੋਵਰਧਨ ਪਰਬਤ ਹੀ ਸਾਰਾ।

ਗੁਰ ਨਾਨਕ ਨੂੰ ਭਾਗੋ ਨਹੀਂ ਸੀ,
ਲਾਲੋ ਕਿਰਤੀ ਹੀ ਸੀ ਪਿਆਰਾ।

ਖ਼ੈਬਰ ਦੱਰ੍ਹੇ ’ਤੇ ਚੁੱਪ ਛਾ ਗਈ,
ਨਲੂਏ ਜਦ ਲਾਇਆ ਜੈਕਾਰਾ।

ਨੂਰ ਮਹਿਲ ਦੀ ਮੋਰੀ ਵਾਂਙੂੰ,
ਛੱਜੂ ਦਾ ਪ੍ਰਸਿੱਧ ਚੁਬਾਰਾ।

ਦੁੱਖ ਦੇਣ ਨਾਲ ਸੁੱਖ ਮਿਲੇ ਨਾ,
ਅੱਕ ਨੂੰ ਕਦੇ ਨਾ ਲੱਗੇ ਛੁਹਾਰਾ।

ਜਿਉਂ ਸਾਗਰ ਦਾ ਪਾਣੀ ਹੁੰਦਾ,
ਬੰਦੇ ਦਾ ਮੁੜ੍ਹਕਾ ਵੀ ਖਾਰਾ।

ਬੰਦਗੀ ਦਾ ਜੇ ਬੀਜ਼ ਬੀਜਣਾ,
ਮਨ ਦਾ ਵੱਤਰ ਕਰੀਏ ਕਿਆਰਾ।

“ਜ਼ੀਰੇ ਵਾਲਿਆ” ਅੰਦਰ ਵੜ ਜਾ,
ਮਿਲਣਾ ਨਾ ਇਹ ਜਨਮ ਦੁਬਾਰਾ।

●

ਅੱਖ ਨਾਲ ਅੱਖ ਮਿਲਾ ਤਾਂ ਸਹੀ,
ਹੱਸ ਕੇ ਕਦੇ ਬੁਲਾ ਤਾਂ ਸਹੀ।

ਦਿਲ ਨੂੰ ਠੰਡਾ ਠਾਰ ਕਰੇ ਜੋ,
ਘੁੱਟ ਕੇ ਜੱਫੀ ਪਾ ਤਾਂ ਸਹੀ।

ਹਰ ਜਨਮ ਵਿੱਚ ਆਪਾਂ ਮਿਲੀਏ,
ਗੀਤ ਇਲਾਹੀ ਗਾ ਤਾਂ ਸਹੀ।

ਜੇਕਰ ਮੈਂ ਤੇਰੇ ਮੇਚ ਦਾ ਨਹੀਂ,
ਮੌਤ ਦੀ ਸਜਾ ਸੁਣਾ ਤਾਂ ਸਹੀ।

ਮੇਰੇ ਵਰਗਾ ਹੋਰ ਨਹੀਂ ਲੱਭਣਾ,
ਗੱਲ ਤੂੰ ਖਾਨੇ ਪਾ ਤਾਂ ਸਹੀ।

ਖੁਸ਼ੀਆਂ ਦੇ ਨਾਲ ਭਰਜੂ ਜ਼ਿੰਦਗੀ,
"ਸੁੱਖ" ਦੇ ਵਿਹੜੇ ਆ ਤਾਂ ਸਹੀ।

●

ਲੋਕੀਂ ਭੁੱਲ ਗਏ ਚਵਾਨੀ ਨੂੰ,
ਕਿਸਾਨ ਨੂੰ ਵਪਾਰੀ ਖਾ ਗਏ,
ਜੀ ਨਸ਼ਾ ਖਾ ਰਿਹਾ ਜਵਾਨੀ ਨੂੰ।

ਕੌਣ ਜਾਣੇ ਤਕਦੀਰਾਂ ਨੂੰ,
ਲੋਕੀਂ ਅੱਧ ਨੰਗੇ ਰਹਿੰਦੇ ਨੇ,
ਜੀ ਕਹਿੰਦੇ ਫੈਸ਼ਨ ਲੀਰਾਂ ਨੂੰ।

ਲੋਕੀਂ ਭੁੱਲ ਗਏ ਖੂਹਾਂ ਨੂੰ,
ਜਿਸਮਾਂ ਦੀ ਭੁੱਖ ਵੱਧ ਗਈ,
ਜੀ ਕੋਈ ਪੁੱਛਦਾ ਨਾ ਰੂਹਾਂ ਨੂੰ।

ਕੌਣ ਜਾਣਦਾ ਘਲਾੜੀ ਨੂੰ,
ਬੇਸ਼ਰਮੀ ਦੀ ਹੱਦ ਟੱਪ ਗਿਆ,
ਜੀ ਪੁੱਤ ਫੜ੍ਹੇ ਪਿਓ ਦੀ ਦਾਹੜੀ ਨੂੰ।

ਲੋਕੀਂ ਭੁੱਲ ਗਏ ਟਿੰਡਾਂ ਨੂੰ,
ਧੜੇ ਬਾਜੀ ਖਾ ਗਈ ਚੰਦਰੀ,
ਜੀ ਸਾਰੇ ਸ਼ਹਿਰਾਂ ਤੇ ਪਿੰਡਾਂ ਨੂੰ।

ਕੌਣ ਜਾਣਦਾ ਏ ਵਾਗ਼ੀ ਨੂੰ,
ਸਮੇਂ ਦੇ ਨਾਲ ਚੱਲੀਏ,
ਜੀ ਗੱਫੇ ਮਿਲਦੇ ਨਾ ਫਾਡੀ ਨੂੰ।

ਲੋਕੀਂ ਭੁੱਲ ਗਏ ਹਾਰੀ ਨੂੰ,
ਮਰਦਾਂ ਦੀ ਸੋਚ ਨਿੱਘਰੀ,
ਜੀ ਜੁੱਤੀ ਸਮਝਣ ਨਾਰੀ ਨੂੰ।

ਕੌਣ ਜਾਣਦਾ ਏ ਬੋਤਿਆਂ ਨੂੰ,
ਜਨਤਾ ਦੀ ਅਕਲ ਮਰੀ,
ਜੀ ਵੋਟਾਂ ਪਾਈ ਜਾਣ ਖੋਤਿਆਂ ਨੂੰ।

ਲੋਕੀ ਭੁੱਲ ਗਏ ਜ਼ਮੀਰਾਂ ਨੂੰ,
ਹਰ ਪਾਸੇ ਲੁੱਟ ਮੱਚ ਗਈ,
ਜੀ ਭੁੱਖ ਲੱਗੀ ਏ ਅਮੀਰਾਂ ਨੂੰ।

ਕੌਣ ਜਾਣਦਾ ਏ ਧੇਲੇ ਨੂੰ,
ਇੱਕ ਦਿਨ 'ਜ਼ੀਰੇ' ਵਾਲੇ ਨੇ,
ਜੀ ਛੱਡ ਜਾਣਾ ਏ ਮੇਲੇ ਨੂੰ।

●

ਗੁਣਕਾਰੀ ਬੂਟੀਏ ਨੀ, ਵੇਦਾਂ ਵਿੱਚ ਲਿਖੀਏ,
ਤੂੰ ਹੀ ਸਾਡੇ ਮਰਜਾਂ ਦੀ ਤੋੜ ਨੀ।
ਤੇਰੇ ਨਾਲ ਰੂਹਾਂ ਵਾਲੀ ਜੁੜੀ ਹੋਈ ਸਾਂਝ ਕੋਈ,
ਉਂਝ ਵੱਸੇ ਦੁਨੀਆਂ ਕਰੋੜ ਨੀ।
ਬਾਬੇ ਬੁੱਲ੍ਹੇ ਦੀਆਂ ਤੈਨੂੰ ਕਾਫ਼ੀਆਂ ਸੁਣਾਵਾਂ,
ਕਿ ਪੜ੍ਹਕੇ ਸੁਣਾਵਾਂ ਤੈਨੂੰ ਹੀਰ ਕੁੜੀਏ।
ਤੇਰੇ ਨਾਲ ਜਿੰਦਗੀ ਜਿਓਣ ਲਈ ਦੱਸੀਂ,
ਕਿਹੜੇ ਮੈਂ ਮਨਾਵਾਂ ਗੁਰੂ-ਪੀਰ ਕੁੜੀਏ।

ਹੱਜ਼ ਕਰਾਂ ਤੇਰੇ ਲਈ ਮੈਂ ਆਬੇ ਜਮਜਮ ਪੀ ਕੇ,
ਤੇਰੇ ਨਾਅ ਦੀ ਅੱਲ੍ਹਾ ਨੂੰ ਅਵਾਜ ਮਾਰ ਆਊਂਗਾ।
ਦਿਲ ਦੀਆਂ ਗੱਲਾਂ ਤੈਨੂੰ ਬੋਲ ਕੇ ਮੈਂ ਦੱਸਣੀਆਂ,
ਸ਼ਗਨਾਂ ਦੇ ਥਾਲ ਵਿੱਚੋਂ ਲੱਡੂ ਜਦੋਂ ਖਾਊਂਗਾ।
ਤੇਰੇ ਲਈ ਕੈਲਾਸ਼ ਜਾ ਕੇ ਘੁੰਗਰੂ ਲੈ ਆਵਾਂ,
ਸ਼ਿਵ ਪੁਰੀ ਦਾ ਪਿਆਵਾਂ ਨੀਰ ਕੁੜੀਏ।
ਤੇਰੇ ਨਾਲ ਜਿੰਦਗੀ ਜਿਓਣ ਲਈ ਦੱਸੀਂ,
ਕਿਹੜੇ ਮੈਂ ਮਨਾਵਾਂ ਗੁਰੂ-ਪੀਰ ਕੁੜੀਏ।

ਤੂੰ ਆਖੇਂ ਜੰਗਲਾਂ-ਪਹਾੜਾਂ ਵਿੱਚ ਲੱਭਾਂ ਤੈਨੂੰ,
ਐਸੀ ਦੱਸ ਮੇਰੇ ਕੋਲੋਂ ਕਿਹੜੀ ਭੁੱਲ ਹੋਈ ਆ।
ਜਿੰਨਾਂ ਨੇੜੇ ਹੋਈ ਜਾਵਾਂ ਓਨੀ ਦੂਰ ਹੋਈ ਜਾਵੇਂ,
ਤੇਰੇ ਕੋਲੋਂ ਅਸੀਂ ਕਿਹੜਾ ਗੱਲ ਕੋਈ ਲਕੋਈ ਆ;
ਬੁੱਧ, ਮਹਾਂਵੀਰ ਦੱਸ ਕਿਸਨੂੰ ਪੁਕਾਰਾਂ ਮੈਂ,
ਬਦਲੇ ਜੋ ਮੇਰੀ ਤਕਦੀਰ ਕੁੜੀਏ।
ਤੇਰੇ ਨਾਲ ਜਿੰਦਗੀ ਜਿਓਣ ਲਈ ਦੱਸੀਂ,
ਕਿਹੜੇ ਮੈਂ ਮਨਾਵਾਂ ਗੁਰੂ-ਪੀਰ ਕੁੜੀਏ।

ਪਤਾ ਕਿਵੇਂ ਕਰਾਂ ਤੈਨੂੰ ਰੰਗ ਏ ਪਸੰਦ ਕਿਹੜਾ,
ਉਸੇ ਰੰਗ ਦਾ ਹੀ ਮੈਂ ਤਾਂ ਕੁੜਤਾ ਸਵਾਊਂਗਾ।
ਸੂਰਜ ਦੇ ਰੱਥ 'ਤੇ ਬਿਠਾਕੇ ਤੈਨੂੰ ਪਿਆਰੀਏ ਨੀ,
ਇੰਦਰ ਪੁਰੀ ਦੀ ਰੋਜ਼ ਸੈਰ ਮੈਂ ਕਰਾਊਂਗਾ।
ਮੇਰੇ ਲਈ ਤੂੰ ਮੱਖਣ - ਮਲਾਈ ਬਣ ਜਾਵੇਂ,
ਬਣਾ ਤੇਰੇ ਲਈ ਮੈਂ ਪਨੀਰ ਕੁੜੀਏ।
ਤੇਰੇ ਨਾਲ ਜਿੰਦਗੀ ਜਿਓਣ ਲਈ ਦੱਸੀਂ,
ਕਿਹੜੇ ਮੈਂ ਮਨਾਵਾਂ ਗੁਰੂ-ਪੀਰ ਕੁੜੀਏ।

ਤੂੰ ਕਹੇਂ ਚੰਨਾ ਮੇਰੀ ਗੁੱਤ ਦਾ ਪਰਾਂਦਾ ਬਣੀਂ,
ਮੈਂ ਸੋਚਾਂ ਤੇਰੇ ਮੁੱਖੜੇ ਦਾ ਬਣਾਂ ਹਾਸਾ ਨੀ।
ਤੂੰ ਕਹੇਂ ਅੰਬਰਾਂ ਤੋਂ ਤੋੜਕੇ ਲਿਆ ਵੇ ਤਾਰੇ,
ਮੈਂ ਸੋਚਾਂ ਅੰਬਰ ਦਾ ਝੁੱਕ ਜਾਊ ਪਾਸਾ ਨੀ।
ਚੱਲ ਪਰਨੋਟ ਲਿਖਾਵਾਲੈ "ਜ਼ੀਰੇ ਵਾਲੇ" ਕੋਲੋਂ,
ਮਰਕੇ ਨਿਭਾਊਂਗਾ ਮੈਂ ਸੀਰ ਕੁੜੀਏ।
ਤੇਰੇ ਨਾਲ ਜਿੰਦਗੀ ਜਿਓਣ ਲਈ ਦੱਸੀਂ,
ਕਿਹੜੇ ਮੈਂ ਮਨਾਵਾਂ ਗੁਰੂ-ਪੀਰ ਕੁੜੀਏ।

●

ਵਿਹੜਿਆਂ ਵਿੱਚੋਂ ਰੌਣਕ ਮੁੱਕ ਗਈ,
ਖ਼ੁਸ਼ੀ ਗਮੀਂ ਦੇ ਪਿੱਛੇ ਲੁਕ ਗਈ।

ਦੁਖੜੇ ਸੁਣ ਕੇ ਨਮ ਨਾ ਹੋਵਣ,
ਅੱਖਾਂ ਵਿੱਚੋਂ ਨਮੀਂ ਹੀ ਸੁੱਕ ਗਈ।

ਨਫ਼ਰਤ ਦੇ ਟੇਸ਼ਨ ’ਤੇ ਆ ਕੇ,
ਪਿਆਰ ਦੀ ਗੱਡੀ ਪੱਕੀ ਰੁਕ ਗਈ।

ਬੱਚੇ ਆਖਣ ਤੁਸੀਂ ਕੀ ਕੀਤਾ,
ਮਾਪਿਆਂ ਦੀ ਤਾਂ ਕਮਰ ਵੀ ਝੁਕ ਗਈ।

ਬੰਦਾ ਲਾਲਚੀ ਕੁੱਤਾ ਬਣ ਗਿਆ,
ਬੇਸ਼ਰਮੀ ਭਾਵੇਂ ਮੂੰਹ ’ਤੇ ਥੁੱਕ ਗਈ।

ਗੁੱਸੇ ਤੇ ਹੰਕਾਰ ਦੀ ਨ੍ਹੇਰੀ,
ਚਿਹਰਿਆਂ ਉੱਤੇ ਮਿੱਟੀ ਭੁੱਕ ਗਈ।

“ਜ਼ੀਰੇ ਵਾਲਿਆ” ਚਿੰਤਾ ਕਰ-ਕਰ,
ਜ਼ਿੰਦਗੀ ਆਪਣੇ ਰਾਹ ਤੋਂ ਉੱਕ ਗਈ।

●

ਤੂੰ ਤੇ ਮੈਂ ਇੱਕ ਹੋ ਜਾਈਏ,
ਇੱਕੋ ਥਾਲੀ ਦੇ ਵਿੱਚ ਖਾਈਏ।

ਜਦ ਕਦੀ ਵੀ ਗੁੱਸੇ ਹੋਈਏ,
ਇੱਕ ਦੂਜੇ ਨੂੰ ਸੀਨੇ ਲਾਈਏ।

ਦੋਹਾਂ ਨੇ ਕਦੇ ਦੂਰ ਨੀਂ ਹੋਣਾ,
ਸਿਰ ਤੇ ਹੱਥ ਰੱਖ ਸੌਂਹਾਂ ਪਾਈਏ।

ਦੁਨੀਆਂ ਬਿਨਾਂ ਤਾਂ ਸਾਰ ਲਵਾਂਗੇ,
ਵੱਖ ਹੋਈਏ ਤਾਂ ਮਰ ਖਪ ਜਾਈਏ।

ਕਿਸੇ ਦੀ ਸਾਨੂੰ ਨਜ਼ਰ ਨਾ ਲੱਗੇ,
ਮਿਰਚਾਂ ਵਾਰ ਕੇ ਚੁੱਲ੍ਹੇ ਪਾਈਏ।

ਜੋ ਹੁੰਦਾ ਏ, ਹੁੰਦਾ ਰਹਿਣ ਦੇ,
ਆਪਾਂ ਗੀਤ ਖੁਸ਼ੀ ਦੇ ਗਾਈਏ।

ਰੀਝਾਂ-ਚਾਵਾਂ ਦੇ ਨਾਲ ਭਰਿਆ
ਨਿੱਕਾ ਜਿਹਾ ਇੱਕ ਘਰ ਬਣਾਈਏ।

"ਜ਼ੀਰੇ ਵਾਲਿਆ" ਲੈ ਕੇ ਲਾਵਾਂ,
ਚੱਲ ਆਪਾਂ ਹੁਣ ਵਿਆਹ ਕਰਵਾਈਏ।

●

ਤਕੜੇ ਨੂੰ ਵੀ ਮਿਹਣੇ, ਮਿਹਣੇ ਮਾੜੇ ਨੂੰ,
ਦਿਲ ਵਿੱਚ ਰੱਖੀ ਫਿਰਦੇ ਲੋਕੀ ਸਾੜੇ ਨੂੰ।

ਪਲ ਦਾ ਕੀ ਭਰੋਸਾ ਕਦ ਸਾਹ ਮੁੱਕ ਜਾਣੇ,
ਮੌਤ ਵਿਹਾਉਣੀ ਪੈ ਸਕਦੀ ਹੈ ਲਾੜੇ ਨੂੰ।

ਆਰ-ਪਾਰ ਦੀ ਉਹ ਤਾਂ ਕਰਕੇ ਹਟਦਾ ਹੈ,
ਹੱਥ ਪੈ ਜਾਂਦਾ ਜਦੋਂ ਕਿਸੇ ਦੇ ਦਾਹੜੇ ਨੂੰ।

ਗੈਰ ਹਾਜ਼ਰੀ ਵਿੱਚ ਜੋ ਛਿੱਲਾਂ ਲਾਹ ਦਿੰਦੇ,
ਲੱਕੜ ਦੇ ਹੀ ਦਸਤੇ ਯਾਰਾ ਪੈਣ ਕੁਹਾੜੇ ਨੂੰ।

ਵੰਡਣ ਵਾਲਿਆਂ ਵੰਡ ਦਿੱਤਾ ਸੀ ਚੜ੍ਹਦਾ ਤੇ ਲਹਿੰਦਾ,
"ਜ਼ੀਰੇ ਵਾਲਿਆ" ਲੋਕੀ ਭੁੱਲੇ ਨਹੀਂ ਉਜਾੜੇ ਨੂੰ।

●

ਖੂਨ ਦੇ ਰਿਸ਼ਤੇ ਖਾਰੇ ਹੋ ਗਏ,
ਝੂਠ ਸੱਚ ਤੋਂ ਭਾਰੇ ਹੋ ਗਏ,
ਲੋਕੀਂ ਕਰ ਪਰਵਾਸ ਰਹੇ ਨੇ,
ਸੁੰਞੇ ਮਹਿਲ ਮੁਨਾਰੇ ਹੋ ਗਏ।

ਬੰਦਾ ਨਫ਼ਰਤ ਵੰਡ ਰਿਹਾ ਹੈ,
ਇੱਕ ਦੂਜੇ ਨੂੰ ਭੰਡ ਰਿਹਾ ਹੈ,
ਜਾਬਤੇ ਵਿੱਚੋਂ ਬਾਹਰ ਹੋ ਗਿਆ,
ਝੂਠੇ ਕਰ ਪਾਖੰਡ ਰਿਹਾ ਹੈ।

ਧਰਤੀ, ਸੂਰਜ, ਚੰਦ ਤੇ ਤਾਰੇ,
ਕਿਸ ਨੇ ਲਾ ਤੇ ਘੁੰਮਣ ਸਾਰੇ,
ਕਲਾ ਤਾਂ ਕੋਈ ਵਰਤ ਰਹੀ ਹੈ,
ਸਿਰਜ ਰਿਹਾ ਜੋ ਇਹ ਵਰਤਾਰੇ।

ਚੇਲੇ ਗੁਰੂ ਤੋਂ ਉੱਚੇ ਹੋ ਗਏ,
ਸਾਧੂ ਸੰਤ ਵੀ ਲੁੱਚੇ ਹੋ ਗਏ,
ਧਰਮ ਦੇ ਨਾਂਅ ਤੇ ਠੱਗੀ ਮਾਰਦੇ,
ਗੰਗਾ ਨਾਹ ਕੇ ਸੁੱਚੇ ਹੋ ਗਏ।

ਲੜਨਾ ਪੈਣਾ ਹੋਂਦ ਦੀ ਖਾਤਰ,
ਸੱਜਣਾ ਹਾਕਮ ਬੜਾ ਹੀ ਸ਼ਾਤਰ,
ਇਹਦੀ ਹੀ ਜੇ ਮਰਜ਼ੀ ਹੋਊ,
ਠੰਡ 'ਚ ਤੈਨੂੰ ਮਿਲੂ ਸਵਾਟਰ।

ਸਾਂਭ ਭਰਾਵਾ ਪੌਣ ਤੇ ਪਾਣੀ,
ਨਹੀਂ ਤਾਂ ਤੇਰੀ ਖ਼ਤਮ ਕਹਾਣੀ,
ਮਨ ਦੇ ਤੇਰੇ ਰੋਗ ਕੱਟ ਦਊ,
ਪੜ੍ਹਿਆ ਕਰ ਗੁਰੂਆਂ ਦੀ ਬਾਣੀ।

ਧੀਆਂ ਪੁੱਤਰ ਸਭ ਦੇ ਚੰਗੇ,
ਫਿਰ ਵੀ ਹੁੰਦੇ ਪਏ ਨੇ ਦੰਗੇ,
ਕਿਹੜਾ ਸਾਨੂੰ ਵਰਤ ਰਿਹਾ ਹੈ,
ਕੁਦਰਤ ਦੇ ਜੇ ਸਭ ਨੇ ਬੰਦੇ।

"ਸੁੱਖ" ਵੇ ਤੈਨੂੰ ਅਕਲ ਨਾ ਆਈ,
ਪਾਉਂਦਾ ਫਿਰਦਾਂ ਰੋਜ਼ ਦੁਹਾਈ,
ਖਾ ਪੀ ਤੇ ਮਾਣ ਲੈ ਮੌਜਾਂ,
ਜ਼ਿੰਦਗੀ ਤਾਂ ਹੈ ਮੌਤ ਦੀ ਜਾਈ।

●

ਖੇਤਾਂ ਦੀ ਸ਼ਾਨ ਸੀ ਹੁੰਦੇ, ਕਾਲੇ ਤੇ ਬੌਲਦ ਬੱਗੇ,
ਬਾਹਲੇ ਖੁਸ਼ ਸੀਗੇ ਲੋਕੀਂ, ਭਾਵੇਂ ਪਾਟੇ ਸੀ ਝੱਗੇ।

ਸੱਚ ਨੂੰ ਤਾਂ ਤੱਤੀਆਂ ਤਵੀਆਂ, ਝੂਠੇ ਨੂੰ ਮਿਲਦੀ ਸੱਤਾ,
ਆਲੇ-ਭੋਲੇ ਜਿਹੇ ਲੋਕੀਂ, ਜਾਂਦੇ ਨੇ ਦਿਨੇ ਹੀ ਠੱਗੇ।

ਅੱਗ ਲਾ ਕੇ ਕਹਿੰਦੇ ਕੁੱਤਾ, ਕੰਧ ’ਤੇ ਚੜ੍ਹ ਵੇਖਦਾ,
ਬੰਦੇ-ਬੁੜੀਆਂ ਵੀ ਕਈ ਤਾਂ, ਏਸੇ ਹੀ ਕੰਮ ’ਤੇ ਲੱਗੇ।

ਮਜ਼ਲੂਮਾਂ ਖਾਤਰ ਜੀ ਜਿਹੜੇ, ਸੀਸ ਨੂੰ ਤਲੀ ਟਿਕਾਉਂਦੇ,
ਆਦਰ ਲਈ ਸਿਰ ਝੁਕਾਉਂਦੀ, ਦੁਨੀਆਂ ਉਹਨਾਂ ਦੇ ਅੱਗੇ।

ਕਿੱਧਰ ਨੂੰ ਤੁਰੀ ਜਵਾਨੀ, ਲੱਕ ਨੂੰ ਤਾਂ ਮਾਰੇ ਠੁਮਕੇ,
“ਸੁੱਖ ਜ਼ੀਰੇ ਵਾਲਿਆ” ਮਾਵਾਂ, ਜੰਮਣ ਨਾ ਜਿਉਣੇ, ਜੱਗੇ।

•

ਹੋ, ਤੇਰੀ ਦੀਦ ਲਈ ਦੁਪਹਿਰੇ ਸੜੀਏ,
ਤੂੰ ਝੀਥਾਂ ਥਾਣੀਂ ਵੇਖਦੀ ਰਹੇਂ। ਨੀ ਜਿੰਦੇ ਮੇਰੀਏ।

ਲੋਕੀ ਪਿੱਠ ਪਿੱਛੇ ਵਾਰ ਹੀ ਕਰਦੇ,
ਗਿੱਚੀ ਵਿੱਚ ਅੱਖਾਂ ਉੱਗੀਆਂ। ਨੀ ਜਿੰਦੇ ਮੇਰੀਏ।

ਜਿਹੜਾ ਵੰਡਣ ਦੇ ਨਾਲ ਦੂਣਾ ਹੋਵੇ,
ਗਿਆਨ ਜਿਹਾ ਦਾਨ ਕੋਈ ਨਾ। ਨੀ ਜਿੰਦੇ ਮੇਰੀਏ।

ਸੱਚਾ ਗੁਰੂ ਹੀ ਗੁਰ ਹੈ ਸਿਖਾਉਂਦਾ,
ਕੱਚਿਆਂ ਤੋਂ ਕੱਚ ਰਹਿ ਜਾਂਦੀ। ਨੀ ਜਿੰਦੇ ਮੇਰੀਏ।

ਲੈ ਕੇ ਡਿਗਰੀਆਂ ਅਕਲ ਨਾ ਆਈ,
ਅਨਪੜ੍ਹ ਜੀ-ਜੀ ਆਖਦੇ। ਨੀ ਜਿੰਦੇ ਮੇਰੀਏ।

ਘਰ ਆਪਣਾ ਹੀ ਖਾਣ ਨੂੰ ਜੇ ਆਵੇ,
ਫਾਇਦਾ ਕੀ ਏ ਸਾਹ ਲੈਣ ਦਾ। ਨੀ ਜਿੰਦੇ ਮੇਰੀਏ।

ਸਾਡੇ ਦਾਣਿਆਂ ਦਾ ਮੁੱਲ ਘੱਟ ਦੇਵੇ,
ਤੇ ਉੱਤੋਂ ਲਾਲਾ ਘੱਟ ਤੋਲਦਾ। ਨੀ ਜਿੰਦੇ ਮੇਰੀਏ।

ਵੇ ਤੇਰਾ ਤਖ਼ਤ ਪੰਜਾਬ ਸਿਆਂ ਨੱਪ ਕੇ,
ਤੈਨੂੰ ਹੀ ਵੱਖਵਾਦੀ ਦੱਸਦੇ। ਨੀ ਜਿੰਦੇ ਮੇਰੀਏ।

ਮੇਲੇ ਵਿੱਚੋਂ ਵੀ ਉਹ ਖਾਲੀ ਹੱਥ ਮੁੜਦੇ,
ਜਿਹਨਾਂ ਨੂੰ ਉਡੀਕੇ ਕੋਈ ਨਾ। ਨੀ ਜਿੰਦੇ ਮੇਰੀਏ।

ਦੁੱਖ-ਸੁੱਖ ਨੂੰ ਉਹ ਸਮ ਹੀ ਨੇ ਜਾਣਦੇ,
ਬੰਦੇ ਕਈ ਨੇ ਰੁੱਖਾਂ ਵਰਗੇ। ਨੀ ਜਿੰਦੇ ਮੇਰੀਏ।

ਦਿਹਾੜੀ ਮਿਲੀ ਨਹੀਂ ਤੇ ਨਹੀਂ ਮਿਲੀ ਰੋਟੀ,
ਪਾਣੀ ਨਾਲ ਢਿੱਡ ਭਰੇ ਨਾ। ਨੀ ਜਿੰਦੇ ਮੇਰੀਏ।

ਇਸ ਧਰਤੀ ਨੇ ਜੋ ਵੀ ਪੈਦਾ ਕੀਤਾ,
ਇੱਕ ਦਿਨ ਆਪੇ ਖਾ ਜਾਊ। ਨੀ ਜਿੰਦੇ ਮੇਰੀਏ।

"ਜ਼ੀਰੇ ਵਾਲਾ" ਤਾਂ ਬੇ-ਅਕਲਾਂ ਦਾ ਬਾਦਸ਼ਾਹ,
ਲਿਖਦਾ ਕਿਤਾਬਾਂ ਫਿਰਦਾ। ਨੀ ਜਿੰਦੇ ਮੇਰੀਏ।

●

ਸੱਚ ਦੀ ਕਰੀਂ ਮਨਾਂ ਤੂੰ ਭਾਲ,
ਟੇਢੀ-ਮੇਢੀ ਤੁਰੀਂ ਨਾ ਚਾਲ।

ਰੁੱਖੀ-ਮਿੱਸੀ ਸਬਰ ਦੀ ਖਾਈਂ,
ਖਾਈਂ ਪਰਾਇਆ ਨਾ ਤੂੰ ਮਾਲ।

ਗ਼ੁਰਬਤ ਆਈ ਤੋਂ ਨਾ ਘਬਰਾਵੀਂ,
ਬੁਣੀ ਕਿਸੇ ਲਈ ਨਾ ਤੂੰ ਜਾਲ।

ਆਂਡਿਆਂ ਵਾਲੀ ਕੁੱਕੜੀ ਮਾਰਕੇ,
ਕਿਧਰੇ ਹੋ ਨਾ ਜਾਈਂ ਕੰਗਾਲ।

ਬੋਲ-ਬਾਣੀ ਤੂੰ ਮਿੱਠੀ ਰੱਖੀਂ,
ਕੱਢੀਂ ਨਾ ਤੂੰ ਕਿਸੇ ਨੂੰ ਗਾਲ੍ਹ।

ਕੁੱਤਿਆਂ ਦਾ ਕੰਮ ਭੌਂਕਣਾ ਹੁੰਦਾ,
ਗਜ ਦੇ ਵਾਂਙੂੰ ਰੱਖੀਂ ਚਾਲ।

ਮਾਇਆ ਨਾਗਣ ਜ਼ਹਿਰੀਲੀ ਹੈ,
ਬਚਦਾ ਰਹੀਂ ਤੂੰ ਹਰ-ਹਾਲ।

ਕਿਧਰੋਂ ਆਈ ਤੇ ਕਿਧਰ ਜਾਂਦੀ,
ਜ਼ਿੰਦਗੀ ਦਾ ਤੂੰ ਕੱਢੀਂ ਸਵਾਲ।

ਦੌਲਤ ਕੀ ਇਹ ਹੱਡ ਮਾਸ ਵੀ,
ਤੇਰੇ ਨਹੀਂ ਕੁੱਝ ਜਾਣਾ ਨਾਲ।

"ਜ਼ੀਰੇ ਵਾਲਿਆ" ਇੱਕ ਦਿਨ ਚੰਦਰਾ,
ਚੱਬ ਜਾਊਗਾ ਸਭ ਕੁਝ ਕਾਲ।

●

ਇੱਕ ਪਾਸਾ ਹੁਣ ਕਰ ਲਿਆ ਹੈ,
ਘੜਾ ਸਬਰ ਦਾ ਭਰ ਲਿਆ ਹੈ।

ਅਰਜਾਂ-ਗਰਜਾਂ ਛੱਡ ਦਿੱਤੀਆਂ ਨੇ,
ਦਿਲ ਤੇ ਪੱਥਰ ਧਰ ਲਿਆ ਹੈ।

ਕੋਈ ਵਹਿਣ ਹੁਣ ਡੋਬ ਨਾ ਸਕਦਾ,
ਪੱਤਣ ਸਾਰਾ ਤਰ ਲਿਆ ਹੈ।

ਮੁੱਠੀਆਂ ਭਰ-ਭਰ ਸ਼ਬਦ ਵੰਡਣੇ,
ਖੀਸੇ ਨੂੰ ਮੈਂ ਭਰ ਲਿਆ ਹੈ।

"ਸੁੱਖ" ਨੇ ਕਾਲੇ ਅੱਖਰ ਪੀ ਕੇ,
ਬੁੱਧ ਨੂੰ ਰੌਸ਼ਨ ਕਰ ਲਿਆ ਹੈ।

●

ਫਿੱਕਾ ਬੋਲ ਕੇ ਦੂਜਿਆਂ ਨੂੰ ਦੁਖੀਂ ਕਰੇਂ,
ਮਿੱਠਾ ਬੋਲ ਕੇ ਸੀਨਿਆਂ ਨੂੰ ਠਾਰਿਆ ਕਰ।

ਜਰੂਰੀ ਨਹੀਂ ਕਿ ਹਰ ਵਾਰ ਜਿੱਤਣਾ ਹੀ ਹੈ,
ਰਿਸ਼ਤਿਆਂ ਦੀ ਖੇਡ ਕਦੀ ਤਾਂ ਹਾਰਿਆ ਕਰ।

ਜਦੋਂ ਜ਼ਿੰਦਗੀ ਤੈਨੂੰ ਬੋਝ ਲੱਗਣ ਲੱਗੇ,
ਫੁੱਲ-ਬੂਟਿਆਂ ਨੂੰ ਮੌਲਦੇ ਨਿਹਾਰਿਆ ਕਰ।

ਦੁਨਿਆਵੀ ਸਾਗਰ ਵਿੱਚ ਕਰੇਂ ਅਠਖੇਲੀਆਂ ਤੂੰ,
ਕਦੇ ਮਨ ਅੰਦਰ ਵੀ ਚੁੱਭੀ ਮਾਰਿਆ ਕਰ।

ਦੁੱਖ-ਸੁੱਖ ਬੰਦੇ ਦੇ ਅੰਗ-ਸੰਗ ਰਹਿੰਦੇ,
ਸਬਰ-ਸ਼ੁਕਰ ਨਾਲ ਵਕਤ ਗੁਜ਼ਾਰਿਆ ਕਰ।

ਏਸੇ ਭਾਰ ਨੇ ਤੈਨੂੰ ਕੁੱਬਾ ਕਰ ਦੇਣਾ,
ਪੰਡ ਹਉਮੈਂ ਦੀ ਸਿਰ ਤੋਂ ਉਤਾਰਿਆ ਕਰ।

ਸੁਣ ਸਭ ਦੀ ਪਰ, ਕਰ ਜੋ ਜੀਅ ਕਰਦਾ,
'ਕੱਲ੍ਹਾ ਬੈਠਕੇ ਗੱਲ ਨੂੰ ਵਿਚਾਰਿਆ ਕਰ।

ਜੰਮਦੀ-ਮਰਦੀ ਜਿਸ ਨੇ ਹਰ ਸ਼ੈਅ ਬਣਾਈ,
'ਜ਼ੀਰੇ ਵਾਲਿਆ' ਓਸ ਨੂੰ ਚਿਤਾਰਿਆ ਕਰ।



www.PunjabiLibrary.com

●

ਕਿਸੇ ’ਤੇ ਕਾਹਦਾ ਰੱਖਣਾ ਸਾੜਾ,
ਆਪਣਾ ਹੀ ਜੇ ਮਗ਼ਜ਼ ਹੈ ਮਾੜਾ।

ਅਕਲੋਂ ਚਾਤਰ, ਧਰਮ ਤੋਂ ਹੀਣੇ,
ਲੋਕਾਂ ਦੇ ਵਿੱਚ ਪਾਉਂਦੇ ਪਾੜਾ।

ਦੌਲਤ ਦਾ ਤਾਂ ਹੁਕਮ ਵੀ ਚੱਲੇ,
ਨਿਰਧਨ ਕੋਲ ਤਾਂ ਹੁੰਦਾ ਹਾੜ੍ਹਾ।

ਚੁੱਪ ਤੋਂ ਕਹਿੰਦੇ ਸੌ ਸੁੱਖ ਮਿਲਦਾ,
ਮੂਰਖ ਦੇ ਨਾਲ ਕਾਹਦਾ ਝਾੜਾ*।

ਵਿਆਹ ਦੇ ਕੀ ਗੁਣ-ਅਉਗਣ ਹੁੰਦੇ,
ਕੀ ਜਾਣੇ ਜੋ ਬਣੇ ਨਾ ਲਾੜਾ।

ਪਿਆਰ ਬਿਨਾ ਬੰਦਾ ਹੈ ਥੋਥਾ*,
ਭਾਵੇਂ ਉਹ ਅਨਪੜ ਜਾਂ ਪਾੜ੍ਹਾ।

ਤੀਰਥ ਵਾਂਙ ਪਵਿੱਤਰ ਹੁੰਦਾ,
ਭਲਵਾਨਾਂ ਦਾ ਪਾਕ ਅਖਾੜਾ।

ਨਸ਼ਿਆਂ ਬਾਰੇ ਭਾਸ਼ਣ ਦਿੰਦਾ,
ਸ਼ਾਮ ਨੂੰ ਜਿਹੜਾ ਲਾਉਂਦਾ ਹਾੜਾ।

“ਜ਼ੀਰੇ ਵਾਲਿਆ” ਖਿਆਲਾਂ ਵਿੱਚ ਵੀ,
ਕਿਸੇ ਦਾ ਨਾ ਤੂੰ ਚਿਤਵੀਂ ਮਾੜਾ।

* ਝਾੜਾ – ਝਗੜਾ

* ਥੋਥਾ – ਖਾਲੀ

●

ਜਦ ਮੈਂ ਆਪਣੇ ਅੰਦਰ ਵੜਿਆ,
ਪਤਾ ਲੱਗਾ ਕਿੱਥੇ ਕੁ ਖੜ੍ਹਿਆ।

ਨੱਕੋ-ਨੱਕ ਭਰੀ ਕੁੜੱਤਣ,
ਜਿਵੇਂ ਕਰੇਲਾ ਨਿੰਮ ਤੇ ਚੜ੍ਹਿਆ।

ਰੀਝਾਂ ਦੇ ਵਿੱਚ ਗੋਤੇ ਖਾਵਾਂ,
ਲਾਲਚ ਦੇ ਵਿੱਚ ਜਾਵਾਂ ਹੜ੍ਹਿਆ।

ਕਰ ਗਿਆ ਜੋ ਵੱਧ ਤਰੱਕੀ,
ਮੇਰਾ ਮਨ ਉਹਦੇ ਤੇ ਸੜਿਆ।

ਤਕੜੇ ਕੋਲੋਂ ਪਾਸਾ ਵੱਟ ਕੇ,
ਮਾੜੇ ਦੇ ਨਾਲ ਵਧ-ਵਧ ਲੜਿਆ।

ਸੱਚ ਦੇ ਕੋਲੋਂ ਮੁਨਕਰ ਹੋ ਕੇ,
ਝੂਠ ਦਾ ਪੱਲਾ ਘੁੱਟ ਕੇ ਫੜ੍ਹਿਆ।

"ਜ਼ੀਰੇ ਵਾਲਿਆ" ਭੁੱਲ ਗਿਆ ਤੂੰ,
ਜਿਸਨੇ ਤੇਰਾ ਬੁੱਤ ਹੈ ਘੜ੍ਹਿਆ।

●

ਬੰਦਾ ਨਮਕ-ਹਰਾਮ ਨਾ ਹੋਵੇ,
ਜੀਭ ਤੋਂ ਬੇ-ਲਗਾਮ ਨਾ ਹੋਵੇ।

ਗਲ ਵਿੱਚ ਭਾਵੇਂ ਲੀਰਾਂ ਹੋਵਣ,
ਮਹਿਲਾਂ ਦਾ ਗੁਲਾਮ ਨਾ ਹੋਵੇ।

ਧਰਤੀ ਉੱਤੇ ਗਿਆਨ ਹੀ ਹੈ,
ਜਿਸਦਾ ਕੋਈ ਦਾਮ ਨਾ ਹੋਵੇ।

ਦੌਲਤ ਸ਼ੋਹਰਤ ਉਸ ਕੀ ਕਰਨੀ,
ਜਿਸਦੇ ਕੋਲ ਆਰਾਮ ਨਾ ਹੋਵੇ।

ਠੇਕੇਦਾਰ ਉਹ ਜਿਸਮ ਦਾ ਹੋਊ,
ਇਸ਼ਕ ਦਾ ਪੀਂਦਾ ਜਾਮ ਨਾ ਹੋਵੇ।

ਦੇਸ਼ ਕੌਮ ਲਈ ਮਰ ਸਕਦਾ ਜੋ,
ਉਹ ਬੰਦਾ ਕੋਈ ਆਮ ਨਾ ਹੋਵੇ।

ਐਸੀ ਕੋਈ ਸਵੇਰ ਨਹੀ ਹੁੰਦੀ,
ਜਿਸਦੀ ਕੋਈ ਸ਼ਾਮ ਨਾ ਹੋਵੇ।

ਬਰਤਾਨੀਆਂ ਦੇ ਚੇਤੇ ਵਿੱਚ ਕਿਉਂ,
ਊਧਮ ਸਿੰਘ ਸੁਨਾਮ ਨਾ ਹੋਵੇ।

ਖੇਡਾਂ ਦੇ ਵਿੱਚ ਕੋਈ ਨਾ ਖੇਡੇ,
ਪਹਿਲਾ ਜੇ ਇਨਾਮ ਨਾ ਹੋਵੇ।

ਬੰਦਾ ਉਹ ਮਵੇਛੀਆਂ ਵਰਗਾ,
ਜਿਸਦਾ ਕੋਈ ਮੁਕਾਮ ਨਾ ਹੋਵੇ।

ਜਨਮਾਂ ਤੱਕ ਉਹ ਭਟਕੀ ਜਾਂਦੀ,
ਰਾਧਾ ਦਾ ਜੇ ਸ਼ਾਮ ਨਾ ਹੋਵੇ।

ਤਖਤ ਵੀ ਮੂਧੇ ਵੱਜ ਸਕਦੇ ਨੇ,
ਡਰਦੀ ਜੇ ਅਵਾਮ ਨਾ ਹੋਵੇ।

ਜਿੱਥੇ "ਸੁੱਖ" ਸਕੂਨ ਹੈ ਮਿਲਦਾ,
ਘਰ ਵਰਗਾ ਕੋਈ ਧਾਮ ਨਾ ਹੋਵੇ।

•

ਪਪੀਹੇ ਵਾਂਙੂੰ ਕੂਕਾਂ ਪਿਆਰੇ,
ਦੇ ਜਾ ਸਾਨੂੰ ਦਰਸ ਦੀਦਾਰੇ।

ਜਿੰਦ ਨਿਮਾਣੀ ਸਮਝ ਨਾ ਪਾਉਂਦੀ,
ਸੱਜਣਾਂ ਤੇਰੇ ਰੰਗ ਨਿਆਰੇ।

ਫਿੱਕਾ ਪਾ ਤਾ ਰੂਪ ਵਿਛੋੜੇ,
ਨਾਗਾਂ ਵਾਂਙੂੰ ਮਾਰ ਫੁਕਾਰੇ।

ਤੇਰੇ ਹੁੰਦਿਆਂ ਡੁੱਬ ਨਾ ਜਾਈਏ,
ਬੇੜੀ ਸਾਡੀ ਲਾ ਕਿਨਾਰੇ।

ਬੁੱਕਲ ਦੇ ਵਿੱਚ ਲੈ ਕੇ ਸਾਨੂੰ,
ਸਾਡੇ ਵੀ ਕੋਈ ਕੇਸ ਸੰਵਾਰੇ।

ਫੁੱਲਾਂ ਵਰਗਾ ਸੱਜਣ ਪਿਆਰਾ,
ਸਾਡੇ ਵਿਹੜੇ ਮਹਿਕ ਖਿਲਾਰੇ।

ਕੋਲੇ ਬਹਿ ਕੇ ਦਰਦ ਵੰਡਾ ਲੈ,
ਅਸੀਂ ਨਾ ਤੈਥੋਂ ਮੰਗੀਏ ਤਾਰੇ।

ਕਤਰਾ-ਕਤਰਾ ਜਿਸਮ ਵੇ ਸਾਡਾ,
ਸਾਡੀ ਤਾਂ ਤੈਨੂੰ ਰੂਹ ਪੁਕਾਰੇ।

ਦਿਲ ਦਾ ਬੂਹਾ ਖੋਲ੍ਹ ਵੇ ਅੜਿਆ,
ਫਿਰਦੇ ਹਾਂ ਅਸੀਂ ਮਾਰੇ ਮਾਰੇ।

"ਜ਼ੀਰੇ ਵਾਲਿਆ" ਵਿਆਹ ਕਰਵਾ ਲੈ,
ਰਹਿ ਨਾ ਜਾਵਣ ਚਾਅ ਕੁਆਰੇ।

●

ਲੱਕੜ ਦੇ ਨਾਲ ਲੋਹਾ ਤਰ ਜਾਊ,
ਸੱਜਣ ਜੇਕਰ ਹਾਮੀ ਭਰ ਜਾਊ।

ਘਰ ਦੇ ਲਈ ਇੱਕ ਬਾਪ ਕੀ ਕਰਦਾ,
ਜਿੱਤਦਾ ਹੋਇਆ ਵੀ ਸਭ ਹਰ ਜਾਊ।

ਸਦੀਆਂ ਤੱਕ ਧਰਤੀ ਨੇ ਝੱਲਣਾ,
ਲਾਲਚ ਲਈ ਜੋ ਬੰਦਾ ਕਰ ਜਾਊ।

ਉਹ ਕਿਉਂ ਲਾੜੀ ਮੌਤ ਵਿਆਹੂ,
ਧੌਣ ਸੁੱਟਿਆਂ ਜਿਸ ਦਾ ਸਰ ਜਾਊ।

ਖਿੜੇਂ ਨਾ ਡਰਦਾ ਆਦਮ ਕੋਲੋਂ,
ਨਾ ਫੁੱਲਾ ਵੇ ਤਿਤਲੀ ਮਰ ਜਾਊ।

ਜਨਮਾਂ ਦੀ ਮੇਰੀ ਮੁੱਕ ਜਾਊ ਭਟਕਣ,
ਅੱਖ ਉਹਦੀ ਜਦ ਗੱਲਾਂ ਕਰ ਜਾਊ।

ਘੁੱਟ ਕੇ ਜੱਫੀ ਪਾ ਰੁੱਖਾਂ ਨੂੰ,
ਤਪਦਾ ਤੇਰਾ ਹਿਰਦਾ ਠਰ ਜਾਊ।

"ਜ਼ੀਰੇ ਵਾਲੇ" ਦਾ ਦਿਲ ਤੋੜਨ ਲਈ,
ਜੱਜ ਵੀ ਤੇਰੇ ਕੋਲੋਂ ਹਰ ਜਾਊ।

●

ਜ਼ਿੰਦਗੀ ਦਾ ਕੀ ਪਤਾ ਕਦੋਂ ਇਹ,
ਮਾਰਨ ਲੱਗ ਜੇ ਠੁੱਡੇ,
ਕਈਆਂ ਨੂੰ ਤਾਂ ਅਕਲ ਨਾ ਆਉਂਦੀ,
ਭਾਵੇਂ ਹੋ ਜਾਣ ਬੁੱਢੇ।

ਸਿਰ ਉੱਤੇ ਪਈ ਹਰ ਮੁਸੀਬਤ,
ਕਰੜੇ ਹੱਥੀਂ ਲਈਏ,
ਡੋਰ ਵੀ ਪੱਲੇ ਨਹੀਓਂ ਪੈਂਦੀ,
ਕੱਟੇ ਜਾਣ ਜਦ ਗੁੱਡੇ।

ਸ਼ੇਰ ਤੇ ਚੀਤੇ ਬਣ ਜਾਂਦੇ ਨੇ,
ਸਰਕਸ ਦੇ ਵਿੱਚ ਜੋਕਰ,
ਭੇੜੀਆ ਕਦੇ ਨਾ ਪਾਲਤੂ ਬਣਦਾ,
ਨਾ ਵੜਦਾ ਏ ਖੁੱਡੇ।

ਕੰਨਿਆਂ ਦਾਨ ਬੜਾ ਹੈ ਔਖਾ,
ਪਰ ਇਹ ਰੀਤੀ ਜੱਗ ਦੀ,
ਮਾਪੇ ਪਿੱਛੋਂ ਚੁੰਮ-ਚੁੰਮ ਰੱਖਦੇ,
ਧੀਆਂ ਦੇ ਗੁੱਡੀਆਂ-ਗੁੱਡੇ।

“ਜ਼ੀਰੇ ਵਾਲਿਆ” ਝੁਰਦੇ ਰਹਿਣਾ,
ਸਿਆਣਪ ਦਾ ਜਨਾਜ਼ਾ,
ਚੜ੍ਹਦੀ ਕਲਾ ’ਚ ਰਹਿਣ ਵਾਲਿਆਂ,
ਦੇ ਦੁੱਖ ਜਾਂਦੇ ਉੱਡੇ।

●

ਦੁੱਖ ਆਵੇ ਤਾਂ ਹੱਸ ਲਈਦਾ।
ਦਿਲ ਆਪਣੇ ਨੂੰ ਕੱਸ ਲਈਦਾ।

ਯਾਰੀ ਦੀ ਗੱਲ ਜਿੱਥੇ ਚੱਲਦੀ,
ਓਥੋਂ ਉੱਠ ਕੇ ਨੱਸ੍ਹ ਲਈਦਾ।

ਤਾਹਨੇ ਮਿਹਣਿਆਂ ਦਾ ਜੋ ਤੇਲ,
ਸਿਰ ਆਪਣੇ ਤੇ ਝੱਸ ਲਈਦਾ।

ਦਿਲ ਦਾ ਜਿਹੜਾ ਬੂਹਾ ਖੋਲ੍ਹੇ,
ਰੂਹ ਉਹਦੀ ਤੱਕ ਵੱਸ ਲਈਦਾ।

"ਜ਼ੀਰੇ ਵਾਲਿਆ" ਕਿਸੇ ਦੀ ਗੱਲ ਦਾ,
ਮਾਸਾ ਵੀ ਨਹੀਂ ਚੱਸ ਲਈਦਾ।

●

ਸਫਾ ਜੰਗ, ਚੱਕਰ, ਗਦਾ ਤੇ ਤੀਰ,
ਸ਼ਸ਼ਤਰ ਹੀ ਬੰਦੇ ਦੇ ਪੀਰ।

ਮਤੀ ਦਾਸ ਦੇ ਸਿਦਕ ਨੂੰ ਹਾਕਮ,
ਆਰੇ ਨਾਲ ਨਾ ਸਕਿਆ ਚੀਰ।

ਕਾਦਰ ਦੀ ਇਹ ਖੇਡ ਨਿਆਰੀ,
ਬਿੰਦ* ਤੋਂ ਬਣਿਆ ਇਹ ਸਰੀਰ।

ਧਰਮਰਾਜ ਵੀ ਮੇਟ ਨਾ ਸਕਦਾ,
ਚਿਤਰਗੁਪਤ ਦੀ ਖਿੱਚੀ ਲਕੀਰ।

ਤਬਲੇ ਅਤੇ ਸਿਤਾਰ ਦਾ ਖੋਜੀ,
ਹਿੰਦਵੀ ਕਵੀ ਖ਼ੁਸਰੋ ਫ਼ਕੀਰ।

ਪਦਮ ਦੈਂਤ ਤੇ ਦੇਵੀ ਦੇਵਤੇ,
ਜਤੀ, ਨਾਥ ਕਈ ਹੋਏ ਬੀਰ।

ਔਰੰਗਜ਼ੇਬ ਦੀ ਰੂਹ ਤੱਕ ਵੱਜੇ,
'ਜ਼ਫ਼ਰਨਾਮੇ' ਦੇ ਸ਼ਬਦੀ ਤੀਰ।

ਸੁੱਖਾਂ ਨਾਲ ਹੀ ਕੰਮ ਨਾ ਚੱਲਦਾ,
ਦੁੱਖਾਂ ਨਾਲ ਬੰਦੇ ਦਾ ਸੀਰ*।

ਜਿਸ ਗੱਲ ਤੇ ਨਾ ਖਰੇ ਉੱਤਰੀਏ,
ਐਸੀ ਕਰੀਏ ਨਾ ਤਕਰੀਰ।

ਪੇਕਿਆਂ ਦੇ ਨਾ ਬੈਠੇ ਰਹਿਣਾ,
ਸਹੁਰਿਆਂ ਘਰ ਜਾਣਾ ਅਖੀਰ।

"ਜ਼ੀਰੇ ਵਾਲਿਆ" ਚੰਗਾ ਹੁੰਦਾ,
ਪਛਤਾਵੇ ਦਾ ਡੁੱਲਿਆ ਨੀਰ।

---

* ਬਿੰਦ – ਬੂੰਦ
* ਸੀਰ – ਹਿੱਸੇਦਾਰੀ

•

ਘਰ-ਘਰ ਦੇ ਵਿੱਚ ਯੁਗਾਂ-ਯੁਗਾਂ ਤੋਂ, ਚੱਲੇ ਇੱਕ ਕਹਾਣੀ,
ਮਰਦ ਹੀ ਘਰ ਦਾ ਰਾਜਾ ਹੁੰਦਾ, ਔਰਤ ਉਸਦੀ ਰਾਣੀ।

ਢਿੱਡ ਨੂੰ ਚਿੰਬੜੀ ਕੈਸੀ ਚੰਦਰੀ, ਭੁੱਖ ਕਲਹਿਣੀ ਆ ਕੇ,
ਜਨਮਾਂ-ਜਨਮਾਂ ਤੋਂ ਨਾ ਰੱਜੀ, ਫਿਰਦੀ ਭੁੱਖਣ-ਭਾਣੀ।

ਪਿਆਰਾਂ ਦਾ ਤਾਂ ਮੌਸਮ ਲੰਘਿਆ, ਨਫ਼ਰਤ ਫਿਰਦੀ ਛਾਈ,
ਸੁੰਨੀਆਂ ਸੱਥਾਂ ਛੱਡਕੇ ਭੱਜ ਗਈ, ਦਿਲ ਜਲਿਆਂ ਦੀ ਢਾਣੀ।

ਕੁੱਝ ਮੁੱਠੀ ਭਰ ਬੰਦੇ ਮਿਲਕੇ, ਦੁਨੀਆਂ ਜਿੱਤਨੀ ਚਾਹੁੰਦੇ,
ਭੁੱਲ ਜਾਂਦੇ ਨੇ ਇਹ ਸਿਕੰਦਰ, ਮੌਤ ਜਿੱਤੀ ਨਾ ਜਾਣੀ।

ਮਾੜੇ ਸਮੇਂ ਨੇ ਜਦ ਜ਼ਿੰਦਗੀ ਦੀ ਬਾਂਹ ਮਰੋੜੀ ਆ ਕੇ,
ਰਾਜੇ ਅਜੈ ਨੂੰ ਲਿੱਦ ਸਾੜਕੇ, ਪੈ ਗਈ ਸੀ ਖਾਣੀ।

ਮੇਰੇ ਹਿੱਸੇ ਦਾ ਜੋ ਬੱਦਲ, ਕੋਇਆਂ ਵਿੱਚ ਗਵਾਚਾ ਸੀ,
ਕੱਲ੍ਹ ਰਾਤ ਨੂੰ ਫਟ ਗਿਆ ਤੇ, ਵਹਿ ਗਿਆ ਅੱਖਾਂ ਥਾਣੀਂ।

ਦਸਾਂ ਜਾਮਿਆਂ ਵਿੱਚ ਇੱਕੋ ਹੀ, ਨਾਨਕ ਜੀ ਦੀ ਜੋਤ ਸੀ,
ਪੰਜਵੇਂ ਨਾਨਕ ਕਰੀ ਇਕੱਤਰ, ਭਗਤਾਂ, ਭੱਟਾਂ ਦੀ ਬਾਣੀ।

ਨਰਕ ਦੀ ਹੀ ਪਰਿਭਾਸ਼ਾ ਹੁੰਦੀ, ਔਰਤ ਲਾਈਲੱਗ,
ਘਰ ਨੂੰ ਸੁਰਗ ਬਣਾ ਦਿੰਦੀ ਹੈ, ਸਮਝਦਾਰ ਸੁਆਣੀ।

ਅਕਸਰ ਹੀ ਮੈਂ ਸੋਚਾਂ ਦੇ ਵਿੱਚ, ਪਿੰਡ ਵਾਲੇ ਘਰ ਜਾਵਾਂ,
ਕਿੱਲੇ ਦੇ ਨਾਲ ਬੱਝੀ ਦਿਸਦੀ, ਝੋਟੀ ਪੰਜ ਕਲਿਆਣੀ।

ਬ੍ਰਹਿਮੰਡ ਦੇ ਨਿਯਮਾਂ ਵਿੱਚ ਬੱਝੀ, ਕੁਦਰਤ ਬੜੀ ਅਨੋਖੀ,
ਜਦ ਵੀ ਸਾਇੰਸ ਨੇੜਿਓ ਦੇਖੂ, ਹੋਰ ਸੂਖਮ ਹੋ ਜਾਣੀ।

ਜੀਭ ਦੇ ਵਿੱਚ ਹੱਡੀ ਨਹੀਂ ਪਰ, ਹੱਡ ਦਿੰਦੀ ਤੁੜਵਾਅ,
ਬੀਬੀ ਦਾਹੜ੍ਹੀ ਵਾਲਿਆਂ ਦੀ, ਕਰਵਾਉਂਦੀ ਕੁੱਤੇ-ਖਾਣੀ।

"ਜ਼ੀਰੇ ਵਾਲਿਆ" ਬਣ ਜਾ ਬਾਬਾ, 36 ਭੋਜ ਤੂੰ ਖਾਵੀਂ,
ਅੰਧ-ਵਿਸ਼ਵਾਸ਼ੀ ਸੰਗਤ ਕੀ, ਤੇਰਾ ਨੇਤਾ ਭਰਨਗੇ ਪਾਣੀ।

●

ਸ਼ੀਸ਼ੇ ਦੇ ਮੂਹਰੇ ਸਭ ਨੰਗਾ ਹੈ,
ਅੱਜ ਧਰਮ ਹੀ ਵੱਡਾ ਧੰਦਾ ਹੈ।

ਨਾ ਸਾਰੀ ਦੁਨੀਆਂ ਚੰਗੀ ਹੈ,
ਨਾ ਹਰ ਬੰਦਾ ਹੀ ਗ਼ੰਦਾ ਹੈ।

ਜਾਣ ਬੁੱਝ ਕੇ ਜਾਨ ਲੈ ਲੈਣੀ,
ਫਿਰ ਕਹਿਣਾ ਜੀ ਦੰਗਾ ਹੈ।

ਮਾੜੇ ਲਈ ਸਰਕਾਰ ਉਹ ਝੋਟਾ,
ਜੋ ਪੂਛੋਂ ਵੀ ਲੰਡਾ ਹੈ।

ਪੱਥਰ ਯੁੱਗ ਤੋਂ ਲੈ ਕੇ ਹੁਣ ਤੱਕ,
ਸੱਚ ਦੇ ਗਲ ਵਿੱਚ ਫ਼ੰਦਾ ਹੈ।

ਵਿਕਾਰਾਂ ਦੀ ਖੁੰਬ ਠੱਪਣ ਦੇ ਲਈ,
ਸ਼ਬਦ ਗੁਰੂ ਦਾ ਡੰਡਾ ਹੈ।

ਫ਼ਿਲਮਾਂ ਵਿੱਚ ਹੀ ਨਹੀਂ ਹੁੰਦੇ ਇਹ,
ਅਸਲ ’ਚ ਬਿੱਲਾ-ਰੰਗਾ ਹੈ।

ਮੌਕਾ ਮਿਲਜੇ, ਫੇਰ ਹੀ ਦਿੰਦਾ,
ਯਾਰ ਦੇ ਹੱਥ ਹੀ ਰੰਦਾ ਹੈ।

ਬੁਢਾਪੇ ਵਿੱਚ ਜੇ ਰੁਲਨਾ ਪੈ ਜੇ,
ਧੀ ਪੁੱਤ ਤੋਂ ਬਿਨ ਚੰਗ਼ਾ ਹੈ।

ਵੀਣਾ, ਸਰੋਦ, ਤਾਊਸ, ਰਬਾਬ,
ਤੰਤੀ ਸਾਜ਼ ਸਾਰੰਦਾ ਹੈ।

ਲੋਕਾਂ ਲਈ ਹੋਊ ਵੱਡੀ ਚੀਜ਼,
ਨਿਹੰਗਾਂ ਲਈ ਚਟੰਗਾ ਹੈ।

ਜ਼ੁਲਮ ਦੇਖਕੇ ਕੀ ਖੌਲੂਗਾ,
ਖ਼ੂਨ ਹੀ ਜਿਸਦਾ ਠੰਡਾ ਹੈ।

‘ਸੁੱਖ’ ਦੇਹੀ ਜੋ ਪਾਰ ਲੰਘਾਊ,
ਰੱਬ ਦਾ ਨਾਂ ਹੀ ਚੰਗਾ ਹੈ।

●

ਐ ਮਾਂ ਗੁਜ਼ਰੀ
ਤੂੰ ਓਹ ਕਰ ਗੁਜਰੀ,
ਜੋ ਦੁਨੀਆਂ ਤੇ ਪਹਿਲਾਂ,
ਕਦੇ ਵੀ ਨਾ ਗੁਜਰੀ।
ਤੂੰ ਧਿਰ ਬਣੀਂ ਗੁਰੂ ਤੇਗ਼ ਦੀ
ਉਹਦੇ ਸਬਰ ਨੂੰ ਉਭਾਰਿਆ,
ਬਾਬੇ ਮੇਰੇ ਦੀ ਬੰਦਗੀ ਨੂੰ
ਤੂੰ ਹੋਰ ਵੀ ਸੰਵਾਰਿਆ।
ਤੇਰੀ ਪਾਕ ਪਵਿੱਤਰ ਕੁੱਖ ਨੇ
ਇੱਕ ਸੰਤ ਸਿਪਾਹੀ ਜੰਮਿਆਂ।
ਜਿਸ ਖਾਲਸਾ ਪ੍ਰਗਟ ਕਰ ਕੇ
ਜ਼ਾਲਮ ਦਾ ਸਿਰ ਸੀ ਭੰਨਿਆ।
ਤੂੰ ਸਹਿਣਸ਼ੀਲਤਾ ਦਾ ਅੰਬਰ,
ਪਤੀ ਵਾਰ ਕੇ ਦੁਨੀਆਂ ਤਾਰ ਦਿੱਤੀ,
ਤੇਰੇ ਭਾਣੇ ਦੀ ਕੀ ਸਿਫਤ ਕਰਾਂ
ਤੂੰ ਤਵੀ ਫੇਰ ਤੋਂ ਠਾਰ ਦਿੱਤੀ।
ਤੂੰ ਦਾਦੀ ਹੋਣ ਦਾ ਫਰਜ਼ ਵੀ
ਬਾਖੂਬੀ ਹੀ ਨਿਭਾ ਗਈ ਏਂ।
ਸਿੱਖੀ ਦੇ ਘਰ ਦੀਆਂ ਨੀਹਾਂ ਵਿੱਚ
ਤੂੰ ਪੋਤੇ ਵੀ ਚਿਣਵਾਅ ਗਈ ਏਂ।
ਚੰਦ ਅੱਖਰਾਂ 'ਚ ਤੇਰੀ ਹਸਤੀ ਦਾ
'ਸੁੱਖ' ਕਿਵੇਂ ਬਿਆਨ ਹੈ ਕਰ ਸਕਦਾ,
ਤੇਰੀ ਮਹਿਮਾਂ ਦੇ ਗੁਣ ਲਿਖਣ ਲੱਗੇ
ਅੱਖਰਾਂ ਦਾ ਸਮੁੰਦਰ ਭਰ ਸਕਦਾ।

•

ਕੁਦਰਤ ਹੱਸਦੀ ਜਦ ਉਹ ਹੱਸੇ,
ਮੇਰੇ ਦਿਲ ਦਾ ਵਿਹੜਾ ਨੱਚੇ।

ਫੁੱਲ ਤੇ ਖੁਸ਼ਬੂ ਵਰਗੀ ਜੋੜੀ,
ਮੇਰੇ ਨਾਲ ਖੜ੍ਹਾ ਉਹ ਜੱਚੇ।

ਜੇ ਉਹ ਮੇਰੇ ਨਾਲ ਤੁਰ ਪਵੇ,
ਦੁੱਖ ਤਾਂ ਸਾਡੇ ਜਾਵਣ ਨੱਸ੍ਹੇ।

ਦੁਨੀਆਂ ਦੀ ਕਿਸ ਨੂੰ ਪਰਵਾਹ,
ਮੱਚਦੀ ਏ ਜੀਅ ਸਦਕੇ ਮੱਚੇ।

ਰੱਬ ਵੀ ਉਹਨਾਂ ਵੱਲ ਹੀ ਹੁੰਦਾ,
ਨੀਤ ਦੇ ਹੁੰਦੇ ਜਿਹੜੇ ਸੱਚੇ।

ਦਿਨ ਰਾਤ ਹੁਣ ਤੀਆਂ ਵਰਗੇ,
ਜ਼ੀਰੇ ਵਾਲਾ "ਸੁੱਖ" ਲੱਗਦਾ ਮੱਥੇ।

●

ਵੰਡ ਖਾਈਏ ਖੰਡ ਖਾਈਏ, ਅੱਡ ਖਾਈਏ ਹੱਡ ਜੀ,
ਭਰਮਾਂ-ਸਰਾਪਾਂ ਦਾ ਵੀ, ਡਰ ਦਈਏ ਛੱਡ ਜੀ।

ਉੱਗ ਪਵੇ ਸੂਰਜ ਤਾਂ, ਉੱਠ ਪਈਏ ਮੰਜਿਆਂ ਤੋਂ,
ਆਲਸ ਨੂੰ ਠੁੱਡੇ ਮਾਰ, ਘਰੋਂ ਦਈਏ ਕੱਢ ਜੀ।

ਜਿੰਨਾਂ ਕੁੱਝ ਜਾਣੇ ਬੰਦਾ, ਓਨਾਂ ਕੂ ਹੀ ਸੋਚਦਾ,
ਮੌਣ ਜਿੰਨੀ ਸੋਚ ਰੱਖੇ, ਖੂਹ ਵਾਲੀ ਡੱਡ ਜੀ।

ਜਿਹੜੀ ਛਾਂ ਥੱਲੇ ਮਾਪੇ, ਮੱਚਦੇ ਹੀ ਰਹਿਣ ਸਦਾ,
ਇਸ਼ਕ ਦਾ ਬੂਟਾ ਐਸਾ, ਜੜ੍ਹੋਂ ਦਈਏ ਵੱਢ ਜੀ।

ਉੱਤਮ ਨੇ ਪੰਜ ਤੱਤ, ਧਰਤੀ ਦੇ ਜੀਵਾਂ ਵਿੱਚ,
ਉਂਞ ਤਾਂ ਸਰੀਰ ਇਹ, ਵਿਕਾਰਾਂ ਵਾਲੀ ਖੱਡ ਜੀ।

"ਸੁੱਖ" ਜ਼ੀਰੇ ਵਾਲਿਆ, ਸਮੇਂ ਦਾ ਕੋਹਲੂ ਗਿੜੇ ਜਦੋਂ,
ਯਾਰ ਹੀ ਯਾਰਾਂ ਦੇ ਨਾਲ, ਵੈਰ ਜਾਂਦੇ ਕੱਢ ਜੀ।

●

ਬਾਹਰੋਂ ਹੰਸ ਤੇ ਅੰਦਰੋਂ ਗਿਰਝ ਹੋ ਗਏ,
ਧਰਮੀਂ ਚੋਲਿਆਂ ਦੇ ਵਿੱਚ ਸ਼ੈਤਾਨ ਮੀਆਂ।

ਜਵਾਨ ਧੀ-ਪੁੱਤ ਕਹਿਣੇ ਤੋਂ ਬਾਹਰ ਹੋ ਜੇ,
ਮਾਂ ਪਿਓ ਦੀ ਸਹਿਕਦੀ ਏ ਜਾਨ ਮੀਆਂ।

ਜੇਤੂ ਰਿਹਾ ਸਿਕੰਦਰ ਹਰ ਜੰਗ ਅੰਦਰ,
ਮੌਤ ਜਿੱਤੀ ਨਾ ਗਈ ਲਾਈ ਤਾਣ ਮੀਆਂ।

ਸੱਚ ਦੀ ਥਾਂ 'ਤੇ ਝੂਠ ਦਾ ਬੋਲ ਬਾਲਾ,
ਲੋਕੀਂ ਹੋ ਗਏ ਨੇ ਬਹੁਤੇ ਬੇਈਮਾਨ ਮੀਆਂ।

ਅੰਨ ਦਾਤਾ ਵੀ ਜ਼ਹਿਰਾਂ ਹੀ ਬੀਜ਼ ਰਿਹਾ,
ਫ਼ਸਲ ਉੱਗ ਰਹੀ ਮੌਤ ਸਮਾਨ ਮੀਆਂ।

ਨਾਨਕ ਨੇ ਅੰਗਦ ਕਹਿ ਲਾ ਲਿਆ ਸੀਨੇ,
ਲਹਿਣੇ ਅੰਦਰ ਨਾ ਰਹੀ ਜਦੋਂ ਕਾਣ ਮੀਆਂ।

ਸੱਚ ਪੁੱਛੋ ਤਾਂ ਮੇਲੇ ਹੁੰਦੇ ਜਿਉਂਦਿਆਂ ਦੇ,
ਮੁੜਿਆ ਕੋਈ ਨਾ ਗਿਆ ਜੋ ਸ਼ਮਸ਼ਾਨ ਮੀਆਂ।

"ਜ਼ੀਰੇ ਵਾਲਿਆ" ਕਬੀਰ ਦੇ ਬੋਲ ਸੱਚੇ,
ਬਿਨਾਂ ਨਰੂ ਹੈ ਨਰ ਪਸ਼ੂ ਸਮਾਨ ਮੀਆਂ।

●

ਜੀਅ ਲਿਆ ਜਿਨਾਂ ਵੀ ਆਨੰਦ ਹੀ ਆਨੰਦ ਹੈ।
ਜ਼ਿੰਦਗੀ ਹੈ ਕੌੜ-ਤੁੰਮਾ, ਕਦੇ ਗੁਲਕੰਦ ਹੈ।

ਕਹਿਣੀ 'ਤੇ ਕਰਨੀ 'ਤੇ ਪੂਰਾ ਉਹੀ ਉੱਤਰੂ,
ਮੁੱਢ ਤੋਂ ਹੀ ਸੱਚ ਨਾਲ, ਜਿਸਦਾ ਸਬੰਧ ਹੈ।

ਆਪਣੇ ਬੇਗਾਨਿਆਂ ਦੇ ਵਿੱਚ ਰਿਹਾ ਫ਼ਰਕ ਨਾ,
ਲਾਲਚ ਦੀ ਅੱਗ ਹੋਈ, ਜਾਂਦੀ ਪ੍ਰਚੰਡ ਹੈ।

ਬਾਪ ਨੇ ਕਟਾਏ ਜਿੱਥੇ ਚਾਰੇ ਪੁੱਤ ਧਰਮ ਲਈ,
ਤੀਰਥਾਂ ਦੇ ਵਿੱਚੋਂ, ਚਮਕੌਰ, ਸਰਹੰਦ ਹੈ।

ਜੰਮਦਾ ਜੋ ਧਰਤੀ 'ਤੇ, ਮਰ ਵੀ ਤਾਂ ਜਾਂਦਾ ਹੈ,
ਕਿਸੇ ਦਾ ਬਣਾਇਆ ਇਹ, ਕੈਸਾ ਪ੍ਰਬੰਧ ਹੈ।

ਛੇਤੀ ਹੀ ਲਹਿ ਜਾਂਦਾ, ਲੋਕਾਂ ਦਿਆਂ ਦਿਲਾਂ ਵਿਚੋਂ,
"ਸੁੱਖ" ਜ਼ੀਰੇ ਵਾਲਿਆ ਜੋ, ਕਰਦਾ ਘਮੰਡ ਹੈ।

●

ਧਰਤੀ 'ਤੇ ਨਾ ਰਹਿਣਾ ਪੱਕਾ,
ਮੌਤ ਅੱਗੇ ਨਾ ਚੱਲਦਾ ਧੱਕਾ।

ਦੁੱਕੀ ਬਾਜ਼ੀ ਪਲਟ ਦਿੰਦੀ ਹੈ,
ਭਾਵੇਂ ਚੁੱਕੀ ਫਿਰੀਏ ਯੱਕਾ।

ਮਾਂ-ਪਿਓ ਦੇ ਪੈਰਾਂ ਵਿੱਚ ਜੰਨਤ,
ਵੱਸਦਾ ਘਰ ਹੀ ਹੁੰਦਾ ਮੱਕਾ।

ਬੰਦਾ ਜੰਮ ਕੇ ਮਰ ਵੀ ਜਾਂਦਾ,
ਸਮੇਂ ਦਾ ਗਿੜਦਾ ਰਹਿੰਦਾ ਚੱਕਾ।

ਮੌਕੇ ਤੇ ਕਈ ਮਾਰਨ ਚੌਕਾ,
ਕਈਆਂ ਦਾ ਲੱਗ ਜਾਂਦਾ ਛੱਕਾ।

ਜ਼ਿੰਦਗੀ ਦੇ ਕਈ ਰੰਗ-ਤਮਾਸ਼ੇ,
ਬੰਦਾ ਰਹਿ ਜੇ ਹੱਕਾ-ਬੱਕਾ।

ਜੱਟਾਂ ਵਿੱਚ ਜਿਉਂ ਸੰਧੂ, ਸਿੱਧੂ,
ਖੱਤਰੀਆਂ ਵਿੱਚ ਜਾਤ ਹੈ ਕੱਕਾ।

ਕਿਸੇ ਦੇ ਪੱਲੇ ਕੁਝ ਨਾ ਪਾਵੇ,
ਧਰਮੀ ਬਣਿਆਂ ਚੋਰ-ਉਚੱਕਾ।

ਚੜ੍ਹਦੀ ਕਲਾ ਦੀ ਗੂੰਜ ਸੀ ਪਾਉਂਦਾ,
ਅਨੰਦਪੁਰ ਤੋਂ ਜਦ ਵੱਜਦਾ 'ਢੱਕਾ'*।

"ਜ਼ੀਰੇ ਵਾਲਾ" ਤਾਂ ਲਿਖਦਾ ਰਹਿੰਦਾ,
ਘਰ ਦੇ ਕਹਿਣ ਨਾ ਤੋੜੇ ਡੱਕਾ।

* ਨਗਾਰਾ

●

ਤੰਦਰੁਸਤੀ ਜਿਹੀ ਦਾਤ ਨਾ ਕੋਈ,
ਹੁਣ ਸੁਣਾਉਂਦਾ ਬਾਤ ਨਾ ਕੋਈ।

ਬੰਦਾ ਐਵੇਂ ਉਲਝ ਰਿਹਾ ਹੈ,
ਪੌਣ-ਪਾਣੀ ਦੀ ਜਾਤ ਨਾ ਕੋਈ।

ਜਨਮ ਵੇਲੇ ਜਦ ਬੱਚਾ ਦੇਖੇ,
ਮਾਂ ਵਰਗੀ ਉਹ ਝਾਤ ਨਾ ਕੋਈ।

ਬ੍ਰਹਿਮੰਡਾਂ ਦੇ ਤਾਰਿਆਂ ਅੱਗੇ,
ਧਰਤੀ ਦੀ ਔਕਾਤ ਨਾ ਕੋਈ।

ਪੂਰਨਮਾਸ਼ੀ ਚਾਨਣ ਵੰਡਦੀ,
ਮੱਸਿਆ ਵਰਗੀ ਰਾਤ ਨਾ ਕੋਈ।

ਕਰੇ ਸ਼ਿਕਾਰ ਜੋ ਪੋਲੇ ਪੈਰੀਂ,
ਬਿੱਲੀ ਵਰਗੀ ਘਾਤ ਨਾ ਕੋਈ।

ਰੂਹਾਂ ਦਾ ਜਦ ਮੇਲ ਹੁੰਦਾ ਹੈ,
ਐਸੀ ਤਾਂ ਮੁਲਾਕਾਤ ਨਾ ਕੋਈ।

"ਜ਼ੀਰੇ ਵਾਲਿਆ" ਰੱਬ ਦੀ ਦਿੱਤੀ,
ਸਾਹਾਂ ਜਿਹੀ ਸੌਗਾਤ ਨਾ ਕੋਈ।

●

ਰਾਹ ਕਦੇ ਵੀ ਮੁੱਕਦੇ ਨਹੀਂਓ,
ਬਾਗੀ ਬੰਦੇ ਝੁਕਦੇ ਨਹੀਂਓ।

ਦਿਲ ਦੇ ਰਾਜੇ ਹੁੰਦੇ ਜਿਹੜੇ,
ਮਹਿਲਾਂ ਉੱਤੇ ਥੁੱਕਦੇ ਨਹੀਂਓ।

ਕੁਰਸੀ ਦੀ ਜੋ ਕਰਨ ਚਾਕਰੀ,
ਵਿੱਚ ਮੈਦਾਨੇ ਬੁੱਕਦੇ ਨਹੀਂਓ।

ਦੇਸ਼ ਕੌਮ ਲਈ ਲੜਦੇ ਜਿਹੜੇ,
ਮਰ ਜਾਂਦੇ ਪਰ ਮੁੱਕਦੇ ਨਹੀਂਓ।

ਸੂਰਜ ਅੰਦਰ ਭਾਵੇਂ ਅੱਗ ਹੈ,
ਪਰ ਸਮੁੰਦਰ ਸੁੱਕਦੇ ਨਹੀਂਓ।

ਜਿਹਨਾਂ ਨੇ ਵੀ ਯੁੱਗ ਪਲਟਨੇ,
ਭੋਰਿਆਂ ਦੇ ਵਿੱਚ ਲੁਕਦੇ ਨਹੀਂਓ।

ਮੰਜਿਲ ਦਾ ਚਾਅ ਹੁੰਦਾ ਜਿਸਨੂੰ,
'ਸੁੱਖ' ਕਦੇ ਉਹ ਰੁਕਦੇ ਨਹੀਂਓ।

●

ਗੁੰਝਲਦਾਰ ਸਵਾਲ ਨੀ ਜਿੰਦੇ,
ਜਿੰਦਗੀ ਭਰਮ-ਜਾਲ ਨੀ ਜਿੰਦੇ।

ਔਖੇ ਵੇਲੇ ਭੱਜ ਵੀ ਜਾਂਦੇ,
ਤੁਰਦੇ ਜਿਹੜੇ ਨਾਲ ਨੀ ਜਿੰਦੇ।

ਊਚ-ਨੀਚ ਦਾ ਫਰਕ ਜੋ ਕਰਦੇ,
ਸੋਚ ਪੱਖੋਂ ਕੰਗਾਲ ਨੀ ਜਿੰਦੇ।

ਦੂਜਿਆਂ ਨੂੰ ਜੋ ਦਰਦ ਵੰਡਦੇ,
ਮਰਦੇ ਬੁਰੇ ਹਾਲ ਨੀ ਜਿੰਦੇ।

ਰਾਜੇ ਸ਼ੀਂਹ ਮੁਕੱਦਮ ਕੁੱਤੇ,
ਦੇਸ਼ ਨੂੰ ਖਾਣ ਦਲਾਲ ਨੀ ਜਿੰਦੇ।

ਘਰ ਦਾ ਭੇਤੀ ਲੰਕਾ ਢਾਉਂਦਾ,
ਲੋਹੇ ਨੂੰ ਜੰਗਾਲ ਨੀ ਜਿੰਦੇ।

ਪ੍ਰਸ਼ਨਾਂ-ਉੱਤਰਾਂ ਦੀ ਹੈ ਵਾਰਤਾ,
ਵਿਕਰਮ ਅਤੇ ਬੇਤਾਲ ਨੀ ਜਿੰਦੇ।

ਵ੍ਰਿੰਦਾਵਨ ਵਿੱਚ ਗਊਆਂ ਚਾਰੇ,
ਗੋਪੀਆਂ ਦਾ ਗੋਪਾਲ ਨੀ ਜਿੰਦੇ।

ਜੀਵਨ ਦਾ ਕੋਈ ਅੰਤ ਨਹੀਂ ਹੈ,
ਲੱਖ ਆਗਾਸ, ਪਾਤਾਲ ਨੀ ਜਿੰਦੇ।

ਰੱਬ ਦੀ ਆਰਤੀ ਕਰ ਰਹੇ ਨੇ,
ਬ੍ਰਹਿਮੰਡਾਂ ਦੇ ਥਾਲ ਨੀ ਜਿੰਦੇ।

ਇੱਕ ਦਿਨ ਠੂੰਗਾ ਮਾਰ ਜਾਊਗਾ,
ਸਿਰ ਤੇ ਬੈਠਾ ਕਾਲ ਨੀ ਜਿੰਦੇ।

"ਜ਼ੀਰੇ ਵਾਲਾ" ਸ਼ਬਦ ਗੁਰੂ ਨੇ,
ਕਰਤਾ ਮਾਲਾ-ਮਾਲ ਨੀ ਜਿੰਦੇ।

●

ਹਲ੍ਹ, ਪੰਜਾਲੀ ਨਾਲ ਇਉਂ ਬਲਦਾਂ ਦਾ ਸੀ ਪਿਆਰ,
ਹਲਟ, ਟਿੰਡਾਂ ਤੇ ਪਾੜਸੇ ਸੀ ਜਿਉਂ ਖੂਹਾਂ ਦੇ ਯਾਰ।

ਐਨੇ ਦੀ ਨਹੀਂ ਲੋੜ ਸੀ ਜਿੰਨਾਂ ਹੈ ਬੰਦੇ ਕੋਲ,
ਫੇਰ ਵੀ ਭੁੱਖਾ ਨੀਤ ਦਾ ਕਰ ਰਿਹਾ ਹੈ ਮਾਰੋ ਮਾਰ।

ਕਾਦਰ ਦੀ ਕੁਦਰਤ ਦਾ ਹੈ ਛੋਟਾ-ਵੱਡਾ ਰੂਪ,
ਰਾਤ ਨੂੰ ਜੁਗਨੂੰ ਤੋੜ ਦਿੰਦਾ ਹੈ ਸੂਰਜ ਦਾ ਹੰਕਾਰ।

ਅੱਗੇ ਵਧਕੇ ਇੱਕ ਵਾਰੀ ਡਿੱਗੇ ਨੂੰ ਹੱਥ ਫੜਾ ਦੇ,
ਚੁੰਮ ਕੇ ਤੇਰੇ ਹੱਥ ਉਹ ਤੈਨੂੰ ਕਰ ਦੇਊ ਸਰਸ਼ਾਰ*।

ਪੜ੍ਹ ਲਿਖਕੇ ਵੀ ਜੇਕਰ ਕਿਸੇ ਦੇ ਹੱਕ ਹੀ ਖਾਣੇ ਆਂ,
ਇਹਦੇ ਨਾਲੋਂ ਚੰਗਾ ਬੰਦਾ ਰਹਿ ਹੀ ਜਾਏ ਗੰਵਾਰ।

ਰਿਸ਼ਤੇ ਨਾਤੇ ਉਲਝ ਜਾਂਦੇ ਨੇ ਭਰਮ ਜਾਲ ਵਿੱਚ ਅੜਕੇ,
“ਜ਼ੀਰੇ ਵਾਲਿਆ” ਨਿਭਦੇ ਰਹਿੰਦੇ ਜੇ ਹੋਵੇ ਇਤਬਾਰ।

* ਸੰਤੁਸ਼ਟ

●

'ਨਾਨਕ ਦੁਖੀਆ ਸਭੁ ਸੰਸਾਰੁ',
ਸੱਭੇ ਦੁਸ਼ਮਣ, ਸੱਭੇ ਯਾਰ।

ਦੁਨੀਆਂ ਦਾਤੀ ਡੱਬ 'ਚ ਰੱਖੇ,
ਝੱਟ ਵੱਢਣ ਨੂੰ ਹੋ ਜੇ ਤਿਆਰ।

ਟੋਏ-ਟਿੱਬੇ ਫਿਰ ਨਹੀਂ ਦਿਸਦੇ,
ਜਦੋਂ ਇਸ਼ਕ ਦਾ ਚੜ੍ਹੇ ਖ਼ੁਮਾਰ।

ਚਾਲ-ਚਲਨ ਹੀ ਸਾਬਤ ਕਰਦਾ,
ਬੰਦੇ ਦਾ ਕੀ ਹੈ ਕਿਰਦਾਰ।

ਜੈਸਾ ਮੂੰਹ ਤੈਸਾ ਹੀ ਥੱਪੜ,
ਬੋਲਣ ਲੱਗੇ ਕਰੋ ਵਿਚਾਰ।

ਕਿਰਪਾ ਦੀ ਜਦ ਪਾਨ ਹੈ ਚੜ੍ਹਦੀ
ਜ਼ੁਲਮ ਕਰੇ ਨਾ ਫਿਰ ਤਲਵਾਰ।

ਨੌਂ ਦਰਵਾਜ਼ੇ ਪਰਗਟ ਸਾਡੇ,
ਦਸਵਾਂ ਰੱਬ ਦਾ ਗੁਪਤ ਦੁਆਰ।

ਲੋਹੇ 'ਚੋਂ ਜਰ ਪੈਦਾ ਹੁੰਦੀ,
ਲੋਹੇ 'ਚੋਂ ਬਣਦੇ ਹਥਿਆਰ।

ਅਕਲ ਬਿਨਾਂ ਇਹ ਕੰਮ ਨਾ ਆਉਂਦੇ,
ਔਰਤ ਦੇ ਸੋਲਾਂ-ਸ਼ਿੰਗਾਰ।

ਮਹਿਲਾਂ ਦੇ ਵਿੱਚ ਰਹਿੰਦੇ ਹੋਏ,
ਕੁੱਲੀ ਦਾ ਕਰੀਏ ਸਤਿਕਾਰ।

ਫੁੱਲਾਂ ਦੀ ਥਾਂ ਜੁੱਤੀਆਂ ਦਾ ਵੀ,
ਬੰਦੇ ਦੇ ਗਲ ਪੈ ਜੇ ਹਾਰ।

ਖੁਦ ਜੀਉ ਤੇ ਜੀਣ ਦਿਉ ਜੀ,
ਜ਼ਿੰਦਗੀ ਦਾ ਬੱਸ ਇਹੀ ਸਾਰ।

"ਜ਼ੀਰੇ ਵਾਲਿਆ" ਭਵਸਾਗਰ ਇਹ,
ਸ਼ਬਦਾਂ ਦੇ ਨਾਲ ਹੋਣਾ ਪਾਰ।

●

ਉੱਜੜ ਰਿਹਾ ਹੈ ਘਰ ਮੇਰਾ, ਕਿਉਂ ਨਾ ਸ਼ੋਰ ਮਚਾਵਾਂ?
ਕਿਸ ਜੀਭ ਦੇ ਨਾਲ ਹਾਕਮਾਂ, ਤੇਰੇ ਸੋਹਲੇ ਗਾਵਾਂ।

ਜ਼ਰ, ਜ਼ੋਰੂ, ਜ਼ਮੀਨ ਤੋਂ ਉਪਰ, ਹੁੰਦਾ ਹੈ ਜ਼ਮੀਰ,
ਭੀਖ ਵਿੱਚ ਮਿਲੇ ਅੰਨ ਨੂੰ, ਕਿੱਦਾਂ ਮੂੰਹ ਵਿੱਚ ਪਾਵਾਂ।

ਮੰਦਰ, ਮਸਜ਼ਿਦ, ਗਿਰਜੇ, ਇਹਨਾਂ ਸਾਹਵੇਂ ਫਿੱਕੇ ਨੇ,
ਬਾਪੂ ਸਿਰ ਦਾ ਤਾਜ ਨੇ ਜਿੱਥੇ, ਮਾਵਾਂ ਠੰਡੀਆਂ ਛਾਵਾਂ।

ਭਾਵੇਂ ਅੱਜ ਕੱਲ੍ਹ ਬੜੀ ਤਰੱਕੀ, ਕਰ ਲਈ ਆਦਮ ਨੇ,
ਅੰਧਵਿਸ਼ਵਾਸ਼ੀ ਗਲੋਂ ਨਾ ਲੱਥੀਆਂ, ਸਾਡੇ ਕਈ ਬਲਾਵਾਂ।

''ਸੁੱਖ'' ਚੌਰਾਹੇ ਦੇ ਵਿੱਚ ਖੜ੍ਹਿਆਂ, ਦਿਸਦਾ ਨਹੀਓਂ ਰਸਤਾ,
ਗਲ ਘੁੱਟਣ ਨੂੰ ਫਿਰਦੀਆਂ ਨੇ, ਜਦ ਆਪਣੀਆਂ ਹੀ ਬਾਹਵਾਂ।

●

ਗ਼ਲੀ ਦੇ ਕੁੱਤੇ ਹੌਂਕਦੇ ਰਹਿੰਦੇ,
ਕਈ ਬੰਦੇ ਵੀ ਭੌਂਕਦੇ ਰਹਿੰਦੇ।

ਜਿਹਨਾਂ ਪੱਲੇ ਝੂਠ ਹੈ ਬੰਨ੍ਹਿਆਂ,
ਪੈਰ-ਪੈਰ ਤੇ ਚੌਂਕਦੇ ਰਹਿੰਦੇ।

ਜਿੰਦਾਦਿਲੀ ਹੀ ਮਾਰ ਲਈ ਜਿਸ,
ਉਹ ਕਿਸੇ ਨਾ ਸ਼ੌਂਕ ਦੇ ਰਹਿੰਦੇ।

ਸੋਚ ਜਿਹਨਾਂ ਦੀ ਸੌੜੀ ਹੁੰਦੀ,
ਆਲ-ਦੁਆਲ ਚੌਂਕ ਦੇ ਰਹਿੰਦੇ।

'ਜ਼ੀਰੇ ਵਾਲਿਆ' ਦਿਲ ਦੇ ਜਾਨੀ,
ਪਿਆਰ ਦਾ ਇਤਰ ਤਰੌਂਕਦੇ ਰਹਿੰਦੇ।

●

ਮੇਰੇ ਅੰਦਰ ਕੁੱਝ ਗਵਾਚ ਗਿਆ ਹੈ।
ਜਿਸ ਨੂੰ ਲੱਭਣਾ ਬਹੁਤ ਜਰੂਰੀ ਹੈ।
ਪਰ, ਅਫ਼ਸੋਸ
ਮੈਨੂੰ ਲੱਭਣਾ ਨਹੀਂ ਆ ਰਿਹਾ।
ਮੈਂ ਘਰੇ ਗਵਾਚੀ ਚੀਜ਼
ਗਲ਼ੀ ਵਿੱਚ ਲੱਭ ਰਿਹਾ ਹਾਂ।
ਦੁਨਿਆਵੀ ਘੁੰਮਣ-ਘੇਰੀ
ਵਿੱਚ ਫਸਿਆ ਮੈਂ
ਲਾਚਾਰ ਹਾਂ, ਅਪਾਹਜ਼ ਹਾਂ,
ਸੋਚ ਪੱਖੋਂ, ਵਿਚਾਰ ਪੱਖੋਂ
ਮੈਨੂੰ ਪਤਾ ਹੀ ਨਹੀਂ ਲੱਗ ਰਿਹਾ
ਕਿ, ਲੱਭਣਾ ਕੀ ਹੈ?
ਮੈਂ ਭੁੱਲ ਗਿਆ ਹਾਂ,
ਦੂਜਿਆਂ ਦੀ ਮਦਦ ਕਰਨੀ,
ਬੱਚੇ ਨਾਲ ਬੱਚਾ ਬਣਨਾ,
ਵੱਡਿਆਂ ਦੇ ਪੈਰੀਂ ਹੱਥ ਲਾਉਣਾ,
ਗਲਵੱਕੜੀ ਪਾਉਣੀ,
ਮੀਂਹ ਵਿੱਚ ਨਹਾਉਣਾ,
ਖਿੜ-ਖਿੜਾ ਕੇ ਹੱਸਣਾ,
ਹਾਂ ਸੱਚ!
ਮੈਂ ਤਖ਼ਤਾਂ ਦਾ ਵਾਰਿਸ
ਪਦਾਰਥਵਾਦ ਦੀ ਗੁਲਾਮੀ ਦਾ ਪਟਾ
ਗਲ ਵਿੱਚ ਪਾ ਕੇ
ਇਹ ਵੀ ਭੁੱਲ ਗਿਆ ਹਾਂ, ਕਿ
ਪਦਾਰਥ ਨਹੀਂ ਪਰਿਵਾਰ ਜਰੂਰੀ ਹੈ।

●

ਕੁਦਰਤ ਵੰਡਦੀ ਖੁਸ਼ੀਆਂ-ਖੇੜੇ,
ਬੰਦਿਆਂ ਪਾਏ ਝਗੜੇ-ਝੇੜੇ।

ਸਾਂਝ ਦਿਲਾਂ ਦੀ ਰੱਖਦਾ ਜਿਹੜਾ,
ਬੈਠ ਕੇ ਸੱਜਣ ਗੱਲ ਨਬੇੜੇ।

ਜ਼ਿੰਦਗੀ ਰੋਜ਼ ਹੀ ਮਰਕੇ ਲੱਭਦੇ,
ਗ਼ੁਰਬਤ ਦੇ ਵਿੱਚ ਰਹਿੰਦੇ ਜਿਹੜੇ।

ਉਸ ਨੇ ਕੀ ਮੰਜ਼ਿਲ ਨੂੰ ਚੁੰਮਣਾ,
ਜਿਸ ਨੇ ਅੰਦਰੋਂ ਬੂਹੇ ਭੇੜੇ।

ਕਿਸੇ ਵੀ ਹੱਦ ਤੱਕ ਡਿੱਗ ਸਕਦੇ ਉਹ,
ਰਿਸ਼ਤੇ ਹੀ ਜੋ ਹੋਣ ਤਰੇੜੇ,

ਦਿਲਾਂ ਦੇ ਵਾਂਗੂੰ ਘਰਾਂ ਦੇ ਪਹਿਲਾਂ,
ਖੁੱਲਮ-ਖੁੱਲ੍ਹੇ ਹੁੰਦੇ ਸੀ ਵਿਹੜੇ।

ਵਿਸ਼ੇ-ਵਿਕਾਰਾਂ ਵਾਲੇ ਬੰਦਿਆ,
ਜਿੰਨ-ਭੂਤ ਤੂੰ ਕਿਉਂ ਚੰਬੇੜੇ।

ਫ਼ਿਕਰਾਂ-ਫਾਕਿਆਂ ਦੀ ਸੂਈ ਨੇ,
ਜੀਵਨ ਦੇ ਕਈ ਪਲ੍ਹ ਉਦੇੜੇ।

ਵਾਤ, ਪਿੱਤ ਅਤੇ ਕਫ਼ ਦੇ ਵੈਰੀ,
ਔਲੇ, ਹਰੜਾਂ ਅਤੇ ਬਹੇੜੇ।

ਜ਼ੀਰੇ ਵਾਲਾ ਮਸ਼ਹੂਰ ਹੋਇਆ "ਸੁੱਖ",
ਜਿਉਂ ਮਥੁਰਾ ਦੇ ਹੁੰਦੇ ਪੇੜੇ।

●

ਸੁਲੱਖਣੀ ਕੋਈ ਕੁੱਖ ਜੰਮੇ ਮਰਦ ਦਲੇਰਾਂ ਨੂੰ,
ਨੱਥ ਨਹੀਉਂ ਪਾਈ ਜਾਂਦੀ ਜੰਗਲ ਦੇ ਸ਼ੇਰਾਂ ਨੂੰ।

ਕਰ ਕੇ ਉਦਾਸੀਆਂ ਜੋ ਤਵੀ, ਤਲਵਾਰ ਬਣੀ,
ਚੰਡੀ ਬਣ ਜ਼ੁਲਮ ਦੇ ਠੱਲ ਗਈ ਹਨੇਰਾਂ ਨੂੰ।

ਸੂਰਜ ਤਰੇਲ ਨਾਲ ਗਿੱਲਾ ਨਹੀਉਂ ਹੁੰਦਾ ਕਦੇ,
ਸਮਾਂ ਰਹਿੰਦੇ 'ਕੱਠੇ ਕਰ ਲਈਏ ਡੁੱਲੇ ਬੇਰਾਂ ਨੂੰ।

ਲੀਡਰ ਤੇ ਸਾਧ ਦੋਵੇਂ ਮਾਸੀਆਂ ਦੇ ਪੁੱਤ ਹੁੰਦੇ,
ਸੱਪ ਕਦੋਂ ਸੁਣਦੇ ਨੇ ਚੂਹੇ ਦੀਆਂ ਲੇਰਾਂ ਨੂੰ।

ਬਾਬਿਆਂ ਦੀ ਬਾਣੀ ਦਿੰਦੀ ਗਿਆਨ ਨਾਲ ਚੱਕ ਸਾਰੇ,
ਮਗਜਾਂ 'ਚ ਲੱਗੇ 'ਸੁੱਖ' ਗੰਦਗੀ ਦੇ ਢੇਰਾਂ ਨੂੰ।

●

ਅੱਜ-ਕੱਲ੍ਹ ਇਨਸਾਨ ਗ੍ਰੱਸਿਆ ਪਿਆ ਹੈ,
ਲਾਲਚ, ਈਰਖਾ ਜਿਹੀਆਂ ਬਿਮਾਰੀਆਂ ਦਾ।

ਮਿੱਥੀ ਮੰਜਿਲ 'ਤੇ ਜਦੋਂ ਕੋਈ ਪਹੁੰਚਦਾ ਹੈ,
ਮੁੱਲ ਪੈਂਦਾ ਹੈ ਕੀਤੀਆਂ ਤਿਆਰੀਆਂ ਦਾ।

ਸਰਕਾਰੀ ਦਫ਼ਤਰਾਂ ਦੇ ਵਿੱਚ ਮਾੜੇ ਬੰਦੇ ਨੂੰ,
ਰੋਹਬ ਮਾਰਨਾ ਹੈ ਕੰਮ ਕਰਮਚਾਰੀਆਂ ਦਾ।

ਚੰਗੇ ਪੈਸੇ ਲੈਣੇ ਤੇ ਮਾੜੀ ਚੀਜ਼ ਦੇਣੀ,
ਆਵਾ ਊਤਿਆ ਪਿਆ ਹੈ ਵਪਾਰੀਆਂ ਦਾ।

ਭਰਮਜਾਲ ਵਿੱਚ ਲੋਕਾਂ ਨੂੰ ਪਾਈ ਰੱਖਣਾਂ,
ਧੰਦਾ ਬਣ ਗਿਆ ਅੱਜ ਪੂਜਾਰੀਆਂ ਦਾ।

ਕਈ ਵਾਰ ਬਾਜ਼ੀ ਜਦ ਪੁੱਠੀ ਪੈ ਜਾਂਦੀ,
ਸ਼ਿਕਾਰ ਹੋ ਜਾਂਦਾ ਆਪ ਸ਼ਿਕਾਰੀਆਂ ਦਾ।

ਅੱਜ ਵੀ ਸੱਤਾ ਦਾ ਨਿੱਘ ਕਈ ਮਾਨ ਰਹੇ,
ਡੋਗਰਿਆਂ ਵਾਂਙ ਕੀਤੀਆਂ ਗੱਦਾਰੀਆਂ ਦਾ।

ਖੱਲਾਂ-ਖੋਪੜੀਆਂ ਲੁਹਾ ਕੇ ਜੋ ਅਡੋਲ ਰਹੇ,
ਅਨੰਦ ਸੀ ਸਿੱਖੀ ਦੀਆਂ ਖੁਮਾਰੀਆਂ ਦਾ।

ਦਸਮੇਸ਼ ਪਿਤਾ ਨੇ ਡੱਟ ਕੇ ਮੁਕਾਬਲਾ ਕੀਤਾ,
ਫ਼ੌਜਾਂ ਚੜ੍ਹ ਕੇ ਆਈਆਂ ਭਾਰੀਆਂ ਦਾ।

ਰਿਸ਼ਤਿਆਂ ਵਿੱਚ ਸਦਾ ਹੀ ਸਤਿਕਾਰ ਰਹੂ
ਟੁੰਡੇ ਅਸਰਾਜ ਜਿਹੇ ਸਦਾਚਾਰੀਆਂ ਦਾ।

ਚਾਣਕਿਆ ਨੇ ਰਾਜ ਭਾਗ ਨਾਸ਼ ਕੀਤਾ
ਨੰਦ ਵੰਸ਼ ਦੇ ਦੁਰਾਚਾਰੀਆਂ ਦਾ।

ਹੰਕਾਰ ਤੋੜਿਆ ਜ਼ੋਰਾਵਰ, ਫਤਿਹ ਸਿੰਘ ਨੇ,
ਵਜ਼ੀਰ ਖਾਨ ਜਿਹੇ ਹੰਕਾਰੀਆਂ ਦਾ।

ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਲਿਖਣਾ,
"ਜ਼ੀਰੇ ਵਾਲਿਆ" ਹੈ ਫਰਜ਼ ਲਿਖਾਰੀਆਂ ਦਾ।

●

ਜ਼ਿੰਦਗੀ ਜਦ ਹੱਸਦੀ ਏ ਹਾਸਾ,
ਬੰਦੇ ਦੀ ਮੁੱਕ ਜਾਵੇ ਨਿਰਾਸ਼ਾ।

ਕੰਨੀਂ ਮੁੰਦਰਾਂ, ਮੋਢੇ ਬਗਲੀ,
ਨਾਥਾਂ ਦਾ ਗਹਿਣਾ ਹੈ ਕਾਸਾ।

ਅੱਠ ਚੌਲਾਂ ਦੀ ਬਣਦੀ ਰੱਤੀ,
ਅੱਠ ਰੱਤੀਆਂ ਦਾ ਬਣਦਾ ਮਾਸਾ।

ਗੋਬਿੰਦ ਦੀ ਤਲਵਾਰ ਬਣ ਗਿਆ,
ਨਾਨਕ ਦੇ ਹੱਥ ਫੜਿਆ 'ਆਸਾ'*।

ਪੀੜਾਂ ਵਾਲੇ ਪੀੜ ਨੂੰ ਜਾਨਣ,
ਦਿੰਦਾ ਨਹੀਂ ਕੋਈ ਹੋਰ ਦਿਲਾਸਾ।

ਹੀਰਿਆਂ ਜੜਿਆ ਭਾਵੇਂ ਹੋਵੇ,
ਪਿਆਲੇ ਦਾ ਕੀ ਕਰੂ ਪਿਆਸਾ।

ਮਨ ਦੇ ਸਾਰੇ ਭਰਮ ਤੋੜਦੀ,
ਗੁਰੂ ਨਾਨਕ ਦੀ ਵਾਰ ਜੋ 'ਆਸਾ'।

ਸਾਵਣ ਦੇ ਵਿੱਚ ਆਉਣ ਨਜ਼ਾਰੇ,
ਭਾਦੋਂ ਨੂੰ ਤੰਗ ਕਰੇ ਚਮਾਸਾ।

ਨਫ਼ਰਤ ਵੱਟੇ ਨਫ਼ਰਤ ਮਿਲਦੀ,
"ਜੈਸਾ ਬੀਜਹਿ ਤੈਸਾ ਖਾਸਾ"।

"ਜ਼ੀਰੇ ਵਾਲਿਆ" ਵੇਖੀ ਚੱਲ ਤੂੰ,
ਕੀ ਕੀ ਕਰਦਾ ਜਗਤ ਤਮਾਸ਼ਾ।

*ਸੋਟਾ

●

ਹੱਸਦਾ ਸਦਾ ਤੂੰ ਚਿਹਰਾ ਰੱਖੀਂ,
ਆਪਣੇ ਅੰਦਰ ਫੇਰਾ ਰੱਖੀਂ।

ਦੁਖ-ਸੁਖ ਆਉਂਦੇ ਜਾਂਦੇ ਰਹਿਣੇ,
ਸ਼ੁਕਰ ਕਰੀਂ ਤੇ ਜੇਰਾ ਰੱਖੀਂ।

ਅੰਧ ਵਿਸ਼ਵਾਸੀ ਰਾਤਾਂ ਦੇ ਲਈ,
ਚੜ੍ਹਦਾ ਸਦਾ ਸਵੇਰਾ ਰੱਖੀਂ।

ਅਹੁਦੇ ਨਾਲੋਂ ਅਣਖਾਂ ਦਾ ਤੂੰ,
ਕੱਦ ਜ਼ਰਾ ਉਚੇਰਾ ਰੱਖੀਂ।

ਮਾਂ ਬੋਲੀ ਪੰਜਾਬੀ ਦਾ ਤੂੰ,
ਮੱਥੇ ਬੰਨ੍ਹਕੇ ਸਿਹਰਾ ਰੱਖੀਂ।

"ਜ਼ੀਰੇ ਵਾਲਿਆ" ਦੀਨ-ਦੁਖੀ ਲਈ,
ਖੁੱਲਾ ਦਿਲ ਦਾ ਘੇਰਾ ਰੱਖੀਂ।


www.PunjabiLibrary.com

●

ਮੱਖਣ, ਲੱਸੀ ਮਿਲਦੇ ਨੇ ਜੀ ਦੁੱਧ ਰਿੜਕਿਆ ਤੋਂ,
ਰਿੜਕਿਆਂ ਕੁੱਝ ਨਾ ਨਿਕਲਦਾ ਏ ਕਦੇ ਪਾਣੀਆਂ ਨੂੰ।

ਯਾਦ ਕਰਕੇ ਬਚਪਨ ਅੱਖਾਂ ਗਿੱਲੀਆਂ ਕਰ ਲੈਂਦਾ,
ਮੰਜੇ ਉੱਤੇ ਪਿਆ ਬੁਢਾਪਾ ਤਰਸੇ ਹਾਣੀਆਂ ਨੂੰ।

ਬੁੱਕਲ ਦੇ ਵਿੱਚ ਲੈ ਕੇ ਖੇਤ ਨੂੰ ਚੱਟ ਜਾਂਦੀਆਂ ਜੋ,
ਕੀ ਕਰਨਾ ਏ ਐਸੀਆਂ ਵਾੜਾ ਖਸਮਾਂ ਖਾਣੀਆਂ ਨੂੰ?

ਜਿਹੜੇ ਘਰ ਵੀ ਹੁੰਦੀਆਂ ਬਰਕਤ ਪਾਈ ਰੱਖਦੀਆਂ,
ਰੱਬਾ ਕਦੇ ਨਾ ਦੁੱਖ ਤੂੰ ਦੇਵੀਂ ਧੀਆਂ ਰਾਣੀਆਂ ਨੂੰ।

ਵਹਿਮਾਂ ਅਤੇ ਪਾਖੰਡਾਂ ਨੇ ਤਾਂ ਖਾ ਲਈ ਕੁੱਲ ਲੁਕਾਈ,
ਡਰ ਹੀ ਨਹੀਂਓ ਸੁਲਝਣ ਦਿੰਦਾ ਉਲਝੀਆਂ ਤਾਣੀਆਂ ਨੂੰ।

''ਜ਼ੀਰੇ'' ਵਾਲਿਆ ਦਿੱਲੀ ਦੀ ਫਿਤਰਤ ਹੀ ਐਸੀ ਹੈ,
ਕੀ ਕਰੇ ਪੰਜਾਬ ਸਿਓਂ ਇਹਨਾਂ ਵੰਡਾਂ ਕਾਣੀਆਂ ਨੂੰ?

●

ਪੋਹਲੀ ਦੇ ਕੰਡੇ ਨੇ,
ਕਿੱਲਿਆਂ ’ਤੇ ਬੱਝਿਆਂ ਨੂੰ,
ਰਹਿਣ ਵੱਜਦੇ ਡੰਡੇ ਨੇ।

ਸੱਪ ਫੜਦਾ ਸਪੇਰਾ ਜੀ,
ਰੂਹ ਦੇ ਹਾਣੀ ਬਿਨਾਂ,
ਤਨ ਤਪਦਾ ਬਥੇਰਾ ਜੀ।

ਪਾਣੀ ਵਗਦੇ ਚੰਗੇ ਨੇ,
ਪੁੱਤ ਅਤੇ ਰੰਬਾ ਜੀ,
ਦੋਵੇਂ ਚੰਡੇ ਹੀ ਚੰਗੇ ਨੇ।

ਅੱਕ ਦਾ ਬੂਟਾ ਜੀ,
ਅੱਜ ਕੱਲ ਸਾਧਾਂ ਦੇ,
ਹੱਥ ਸੋਨੇ ਦਾ ਠੂਠਾ ਜੀ।

ਅੰਗੀਠੀ ਪਈ ਭਖਦੀ ਏ,
ਸਿਆਣਿਆਂ ਬੰਦਿਆਂ ਮੂੰਹੋਂ,
ਖੋਟੀ ਗੱਲ ਨਾ ਜੱਚਦੀ ਏ।

ਰਾਜ ਨਹੀਂ ਸੇਵਾ ਜੀ
ਭੁੱਖ ਨਾਲ ਲੋਕ ਮਰਦੇ,
ਨੇਤਾ ਖਾਂਦੇ ਨੇ ਮੇਵਾ ਜੀ।

ਸਦਾ ਹੱਸੀਏ-ਗਾਈਏ ਜੀ,
ਜਿਉਣ ਲਈ ਸਾਹ ਜੇ ਲੈਣਾ,
ਆਓ ਰੁੱਖ ਲਗਾਈਏ ਜੀ।

ਕੋਠਿਆਂ ਤੇ ਬਨੇਰੇ ਨੇ,
ਅਕਲਾਂ ਤੋਂ ਵਾਂਢੇ ਕਈ,
‘ਸੁੱਖ’ ਵਰਗੇ ਬਥੇਰੇ ਨੇ।

•

ਵਕਤ-ਵਕਤ ’ਤੇ ਢਾਹੇ ਗਏ ਨੇ,
ਮੰਦਰ, ਗਿਰਜੇ, ਮੱਠ, ਮਸੀਤਾਂ।

ਤਖਤਾਂ ਨੂੰ ਕੋਈ ਫਰਕ ਨਾ ਪੈਂਦਾ,
ਝੁੱਗੀਆਂ ਦੇ ਵਿੱਚ ਪੈਣ ਜੇ ਚੀਕਾਂ।

ਕੱਲ੍ਹ ਜੱਟ ਦੀ ਜੋ ਮਾਂ ਹੁੰਦੀ ਸੀ,
ਅੱਜ ਵੇਚ ਕੇ ਭਰਤੀਆਂ ਫੀਸਾਂ।

ਸਿਰ ਨੂੰ ਸੀਸ ਬਣਾਉਣਾ ਔਖਾ,
ਸੌਖੀਆਂ ਨੱਕ ਨਾਲ ਕੱਢਣੀਆਂ ਲ੍ਹੀਕਾਂ।

ਬਿਰਖਾਂ ਨੂੰ ਵੀ ਸਿਓਂਕ ਖਾ ਗਈ,
ਨਸਲਕੁਸ਼ੀ ਦੀਆਂ ਪੈਣ ਤਰੀਕਾਂ।

ਮੇਰੇ ਲਈ ਮੇਰਾ ਮਾਂ-ਪਿਓ ਰੱਬ ਹੈ,
ਇਕ ਨਹੀਂ ਸੌ-ਸੌ ਕਰੂੰ ਤਰੀਫਾਂ।

“ਜ਼ੀਰੇ ਵਾਲਿਆ” ਮਾਂ ਬੋਲੀ ਦੀਆਂ,
ਹੋਰ ਭਾਸ਼ਾਵਾਂ ਕਰਨ ਨਾ ਰੀਸਾਂ।

●

ਸੱਚ ਦੇ ਮਾਰਗ 'ਤੇ ਯਾਰੋ ਚੱਲਦੇ ਰਹਿਣਾ,
ਸੱਚ ਨੂੰ ਛੋਹ ਕੇ ਅੰਗਦ ਬਣਿਆ ਸੀ ਲਹਿਣਾ।

ਜਿਹੜੇ ਜਾਗਣ ਉਹੀਓ ਅੱਖਾਂ ਵਿੱਚ ਰੜਕਣ,
ਸੁੱਤਿਆਂ ਤਾਈਂ ਕਦੇ ਕਿਸੇ ਨੇ ਕੀ ਕਹਿਣਾ।

ਗਿਆਨ ਦੇ ਬਾਝੋਂ ਬੰਦਾ ਸਦਾ ਹੀ ਅੰਨ੍ਹਾ ਹੈ,
ਨ੍ਹੇਰੇ ਨੇ ਚਾਨਣ ਦੇ ਨਾਲ ਸੀ ਕੀ ਖਹਿਣਾ।

ਮਰਦ ਨੂੰ ਸ਼ਰਮ ਹਯਾ ਦਾ ਕੋਈ ਬੰਧਨ ਨਹੀਂ,
ਔਰਤ ਦੇ ਗਲ ਕਿਉਂ ਪਾਇਆ ਹੈ ਇਹ ਗਹਿਣਾ।

ਚਾਰ ਦਿਨਾਂ ਦਾ ਜੋਬਨ ਸਭ 'ਤੇ ਆਉਂਦਾ ਹੈ,
"ਸੁੱਖ" ਗਧਿਆਂ ਨੇ ਕਿਸੇ ਤਖ਼ਤ 'ਤੇ ਕੀ ਬਹਿਣਾ।

●

ਯਾਰ ਯਾਰਾਂ ਨੂੰ ਭੰਡੀ ਜਾਂਦੇ,
ਅੰਨ੍ਹੇ ਰਿਓੜੀਆਂ ਵੰਡੀ ਜਾਂਦੇ।

ਪੁੱਤਰ ਰੰਬਾ ਸਮੇਂ-ਸਮੇਂ ’ਤੇ,
ਮਾਲੀ ਮਾਪੇ ਚੰਡੀ ਜਾਂਦੇ।

ਕਹਿੰਦੇ ਸੀ ਜੋ ਨਾਲ ਖੜ੍ਹਾਂਗੇ,
ਭੱਜੇ ਡੰਡੀਓ ਡੰਡੀ ਜਾਂਦੇ।

ਅਕਲ ਜਿਹਨਾਂ ਨੇ ਲੈਣੀ ਹੁੰਦੀ,
ਡੰਗਰਾਂ ਦੀ ਨਾ ਮੰਡੀ ਜਾਂਦੇ।

‘ਜ਼ੀਰੇ’ ਵਾਲਿਆ ਰੇਲ ਚੜ੍ਹਨ ਲਈ,
ਜ਼ੀਰਿਓਂ ਕਈ ਤਲਵੰਡੀ ਜਾਂਦੇ।

●

ਅੱਖਰ ਵੀ ਤਾਂ ਸਾਹ ਲੈਂਦੇ ਨੇ,
ਮੈਨੂੰ ਸੀਨੇ ਲਾ ਲੈਂਦੇ ਨੇ।

ਨੀਂਦ ਤੇਰੀ ਦੀ ਐਸੀ-ਤੈਸੀ,
ਕੰਨੋਂ ਫੜ੍ਹ ਉਠਾ ਲੈਂਦੇ ਨੇ।

ਕਦੇ-ਕਦੇ ਇਹ ਰੁੱਸ ਵੀ ਜਾਂਦੇ,
ਮੈਥੋਂ ਮੂੰਹ ਭਵਾ ਲੈਂਦੇ ਨੇ।

ਪਤਾ ਨੀ ਕਿੱਥੇ ਚਲੇ ਇਹ ਜਾਂਦੇ,
ਮੱਥੇ ਵੱਟ ਵੀ ਪਾ ਲੈਂਦੇ ਨੇ।

ਮੌਜ਼ੀ ਆਪੇ ਮੌਜ਼ 'ਚ ਆ ਕੇ,
ਆਪੇ ਹੀ ਗਲ਼ ਲਾ ਲੈਂਦੇ ਨੇ।

ਜਿਵੇਂ ਉਹਨਾਂ ਦੀ ਮਰਜ਼ੀ ਹੁੰਦੀ,
'ਸੁੱਖ' ਕੋਲੋਂ ਲਿਖਵਾ ਲੈਂਦੇ ਨੇ।

●

ਸਹੀ ਨਿਸ਼ਾਨੇ ਫੁੰਡਦੀ ਚੰਗੀ ਬਣੀ ਤੁਫੰਗ,
ਰਣ ਤੱਤੇ ਵਿੱਚ ਗੱਜਦੇ ਜੋ ਹੁੰਦੇ ਜਬਰਜੰਗ।

ਮਨ ਦੀ ਝੂਠੀ ਰਾਤ ਨੂੰ ਜਦ ਸੱਚ ਦਾ ਸੂਰਜ ਚੜ੍ਹਿਆ,
ਭਾਈ ਲਹਿਣਾ ਜੀ ਬਣ ਗਏ ਸੀ ਨਾਨਕ ਦਾ ਹੀ ਅੰਗ।

ਪੂਰੀ ਕਾਇਨਾਤ ਹੀ ਕਈ ਰਾਗਾਂ ਦੇ ਵਿੱਚ ਝੂੰਮਦੀ,
ਗੁਰੂ ਗ੍ਰੰਥ 'ਚ ਦਰਜ਼ ਹੈ 14ਵਾਂ ਰਾਗ ਤਿਲੰਗ।

ਕੱਚੀ ਗੜ੍ਹੀ ਚਮਕੌਰ ਦੀ ਜਦ ਬਣ ਗਈ ਯੁੱਧ ਮੈਦਾਨ,
ਨੀਲੇ ਦੇ ਸ਼ਾਹ ਅਸਵਾਰ ਨੇ ਇਹ ਲੜੀ ਅਸਾਵੀਂ ਜੰਗ।

"ਜ਼ੀਰੇ ਵਾਲਿਆ" ਦੁਨੀਆਂ ਕਿਹੜੇ ਰਾਹਾਂ ਨੂੰ ਤੁਰ ਚੱਲੀ,
ਰਿਸ਼ਤਿਆਂ ਵਿੱਚੋਂ ਮਨਫੀ ਹੋ ਗਏ ਭੋਲਾਪਣ ਅਤੇ ਸੰਗ।

●

ਮੈਂ ਅਬਲਾ ਇੱਕ ਔਰਤ ਬੋਲਾਂ,
ਸੱਚ ਆਖਾਂ ਮੈਂ ਕੁਫ਼ਰ ਨਾ ਤੋਲਾਂ।

ਕੁੱਖਾਂ ਵਿੱਚ ਮਾਰਨ ਨੂੰ ਪੈਂਦੇ,
ਜੰਮ ਪਵਾਂ ਤਾਂ ਪੱਥਰ ਕਹਿੰਦੇ।

ਪੂਜਦੇ ਨੇ ਮੈਨੂੰ ਦੇਵੀ ਕਹਿਕੇ,
ਛੇੜਦੇ ਨੇ ਮੋੜਾਂ 'ਤੇ ਬਹਿ ਕੇ।

ਮਿਲ ਜਾਵਾਂ ਜੇ ਰਾਤ ਨੂੰ ਕੱਲ੍ਹੀ,
ਭੋਰ ਦਿੰਦੇ ਮੈਨੂੰ ਵਾਂਗ ਇਹ ਛੱਲੀ।

ਦਾਜ ਦੀ ਖਾਤਰ ਮਾਰ ਦਿੰਦੇ ਨੇ,
ਸੁਪਨੇ ਸੂਲੀ ਚਾੜ੍ਹ ਦਿੰਦੇ ਨੇ।

ਕਲੀਆਂ ਨੂੰ ਵੀ ਮਸਲ ਦੇ ਰਹਿੰਦੇ,
ਉਵ ਤਾਂ ਆਪ ਨੂੰ ਧਰਮੀ ਕਹਿੰਦੇ।

ਭੋਗਣ ਦਾ ਸਦਾ ਮੌਕਾ ਦੇਖਣ,
ਮਰਦ ਬਣਨ ਦਾ ਕਰਦੇ ਖੇਖਣ।

ਮੁੱਦਤਾਂ ਤੋਂ ਔਰਤ ਹੈ ਗੋਲ੍ਹੀ,
ਬੋਲ ਸਕੇ ਨਾ ਆਪਣੀ ਬੋਲੀ।

ਬਣ ਜਾਵਾਂ ਜੇਕਰ ਮੈਂ ਚੰਡੀ,
ਫਿਰ ਕਰਦੇ ਨੇ ਜੱਗ 'ਚ ਭੰਡੀ।

ਔਰਤ ਹੁੰਦੀ ਕੁੱਲ ਦੀ ਸ਼ਾਨ,
"ਜ਼ੀਰੇ ਵਾਲਿਆ" ਕਰ ਸਨਮਾਨ।

●

ਦੁਨੀਆਂ ਜਿੱਧਰ ਭੱਜਦੀ ਹੈ ਤੂੰ ਨਾ ਐਵੇਂ ਭੱਜ,
ਕਿੱਧਰ, ਕਿਵੇਂ ਹੈ ਭੱਜਣਾ, ਪਹਿਲਾਂ ਸਿੱਖ ਲੈ ਚੱਜ।

ਜੀ ਹਜ਼ੂਰੀ ਟੁੱਕੜਬੋਚਾਂ ਨੂੰ ਹੀ ਸੋਭਦੀ ਹੁੰਦੀ,
ਸੱਚਾ ਏਂ ਤਾਂ ਹਿੱਕ ਵਿੱਚ, ਸਿੱਧਾ ਜਾ ਕੇ ਵੱਜ।

ਸਾਦਾ ਖਾਣਾ-ਪਹਿਨਣਾ ਸੀ ਸਾਡਾ ਸੱਭਿਆਚਾਰ,
ਜਿਸਮ ਦਿਖਾਉਣਾ ਫੈਸ਼ਨ ਹੋਇਆ, ਲੋਕ ਹੋਏ ਨਿਰਲੱਜ।

ਕੱਲ੍ਹ ਕਿਹਨੇ ਹੈ ਵੇਖਿਆ, ਨਾ ਬੀਤਿਆ ਕੱਲ੍ਹ ਮੁੜੇ,
ਅਨੰਦਮਈ ਇਸ ਜਿੰਦਗੀ ਨੂੰ, ਜੀਅ ਲੈ ਤੂੰ ਅੱਜ।

ਨਾਨਕ ਤੋਂ ਗੋਬਿੰਦ ਤੱਕ ਦਾ ਸਫ਼ਰ ਖਾਲਸਾ ਬਣਿਆ,
ਸਿੱਖ ਕੌਮ ਲਈ ਸਰਸਾ ਕੰਢਾ, ਮਾਂ ਗੰਗਾ ਅਤੇ ਹੱਜ।

ਕੌਣ ਭੇਜਦਾ "ਜ਼ੀਰੇ ਵਾਲਿਆ" ਮਾਤ ਲੋਕ 'ਤੇ ਬੰਦੇ ਨੂੰ?
ਮੌਤ ਡੈਣ ਦੇ ਮੂਹਰੇ ਕਾਹਤੋਂ, ਲੱਗਦਾ ਨਾ ਕੋਈ ਪੱਜ।

●

ਡਰ ਦੀ ਸਾਰੀ ਖੇਡ ਸੱਜਣ ਜੀ,
ਬੰਦਾ ਬਣ ਜਾਏ ਭੇਡ ਸੱਜਣ ਜੀ।

ਹਿੰਮਤ ਕਰਕੇ ਜੱਫਾ ਲਾ ਲੈ,
ਜ਼ਿੰਦਗੀ ਪਾਉਂਦੀ ਰੇਡ ਸੱਜਣ ਜੀ।

ਸੋਚ ਦੇ ਪੱਖੋਂ ਹੋ ਸਕਦਾ ਹੈ,
ਉਂਵ ਨਾ ਕੋਈ ਢੇਢ* ਸੱਜਣ ਜੀ।

ਮਹਿਫ਼ਿਲ ਵਿੱਚ ਜੋ ਝੱਲ ਖਿਲਾਰੇ,
ਲੋਕੀਂ ਕਰਦੇ ਝੇਡ ਸੱਜਣ ਜੀ।

ਚਾਰ ਛਟਾਂਕਾਂ ਪਾਈਆ ਹੁੰਦੀਆਂ,
ਇੱਕ ਤੇ ਅੱਧਾ ਡੇਢ ਸੱਜਣ ਜੀ।

ਹਰ ਰਿਸ਼ਤੇ ਦੀ ਆਪਣੀ ਸੋਭਾ,
ਮਾਪਿਆਂ ਦੇ ਨਾ ਜੇਡ ਸੱਜਣ ਜੀ।

"ਜ਼ੀਰੇ ਵਾਲਿਆ" ਬ੍ਰਹਿਮੰਡਾਂ ਦੀ,
ਰੱਬ ਨੇ ਖੇਡੀ ਖੇਡ ਸੱਜਣ ਜੀ।

* ਨੀਚ

●

ਬੰਦਾ ਜੰਗਲੀ ਹੋ ਸਕਦਾ ਹੈ,
ਹੱਕ ਕਿਸੇ ਦਾ ਖੋਹ ਸਕਦਾ ਹੈ।

ਸੱਚ ਦੇ ਰਾਹ ’ਤੇ ਤੁਰਨਾ ਬੰਦਿਆ,
ਕੰਡੇਦਾਰ ਵੀ ਹੋ ਸਕਦਾ ਹੈ।

ਮਿੱਠੀਆਂ ਗੱਲਾਂ ਮਾਰ ਕਿਸੇ ਨੂੰ,
ਮੋਹਣਾ ਹੈ ਕੋਈ ਮੋਹ ਸਕਦਾ ਹੈ।

ਕਾਲੀ-ਬੋਲੀ ਸੋਚ ਤੋਂ ਬਚਕੇ,
ਬੰਦਾ ਜੁਗਨੂੰ ਹੋ ਸਕਦਾ ਹੈ।

ਕੀਤੇ ਤੇ ਪਛਤਾਵਾ ਕਰਕੇ,
ਰੋਣਾ ਹੈ ਕੋਈ ਰੋ ਸਕਦਾ ਹੈ।

ਗ਼ਮ ਕੋਈ ਨਾ ਦੇ ਸਕਦਾ ਹੈ,
ਨਾ ਖੁਸ਼ੀਆਂ ਨੂੰ ਖੋਹ ਸਕਦਾ ਹੈ।

ਮਿਹਨਤ ਨਾਲ ਹੁਨਰ ਜੇ ਹੋਵੇ,
ਬੰਦਾ ਅੰਬਰ ਛੋਹ ਸਕਦਾ ਹੈ।

ਚੌਥੇ ਪਦ ਵਿੱਚ “ਜ਼ੀਰੇ ਵਾਲਿਆ”,
ਬੰਦਾ ਰੱਬ ਵੀ ਹੋ ਸਕਦਾ ਹੈ।

●

ਸਰਕਾਰ ਏ ਖਾਲਸਾ ਜਿੱਤ ਜਾਂਦੀ
ਜੇ ਹੁੰਦੇ ਨਾ ਗੱਦਾਰ,
ਹੱਕ ਕਿਸੇ ਦਾ ਖਾਂਦੇ ਜਿਹੜੇ,
ਖਾ ਜਾਂਦੇ ਮੁਰਦਾਰ।

ਬਹੁਤੇ ਪੜ੍ਹਿਆਂ ਦੀ ਸੋਚ ਤਾਂ
ਵਾਂਙ ਜਲੇਬੀ ਹੋ ਗਈ,
ਅਨਪੜ ਲੋਕਾਂ ਦੇ ਹੁੰਦੇ ਸੀ,
ਸਰਲ, ਸ਼ੁੱਧ ਕਿਰਦਾਰ।

ਭਿੱਟ ਦਿੱਤੀ ਸੀ ਜਿਹੜੇ ਪੈਰਾਂ
ਹਰਿਮੰਦਰ ਦੀ ਮਿੱਟੀ,
ਜਿਉਂਦੇ ਜੀਅ ਕੀ ਮਰਕੇ ਵੀ ਨਾ,
ਲਹਿਣਾ ਸਿਰ ਤੋਂ ਭਾਰ।

ਤੀਰਾਂ, ਤੇਗਾਂ ਵਾਂਙ ਫੱਟ ਲਾਉਂਦੀ
ਕਲਮ ਦੀ ਤਿੱਖੀ ਨੋਕ,
ਗੁਰੂਆਂ, ਭਗਤਾਂ ਦੀ ਬਾਣੀ ਜਿਉਂ,
ਝੂਠ ਲਈ ਵੰਗਾਰ।

"ਜ਼ੀਰੇ ਵਾਲਿਆ" ਇੱਕ ਗੱਲ ਇਹ
ਖਾਨੇ ਦੇ ਵਿੱਚ ਪਾ ਲੈ,
ਦਿਲਾਂ ਉੱਤੇ ਜੇ ਰਾਜ ਤੂੰ ਕਰਨਾ,
ਹੋਣਾ ਪਊ ਉਦਾਰ।

●

ਲਾਲਚ ਆਪਣਾ ਮਾਰ ਵੇ ਅੜਿਆ,
ਹਉਮੈ ਸੂਲੀ ਚਾੜ ਵੇ ਅੜਿਆ।

ਮੋਹ ਦਾ ਕਰਦੇ ਨਾਸ਼ ਵੇ ਅੜਿਆ,
ਸੱਚ ਦੀ ਕਰੀਂ ਤਲਾਸ਼ ਵੇ ਅੜਿਆ।

ਦਿਲ ਨਾ ਕਿਸੇ ਦਾ ਤੋੜ ਵੇ ਅੜਿਆ,
ਝੂਠ ਤੋਂ ਮੁੱਖੜਾ ਮੋੜ ਵੇ ਅੜਿਆ।

ਨਸ਼ਿਆਂ ਨੂੰ ਕਰ ਨਾਂਹ ਵੇ ਅੜਿਆ,
ਦੁਖੀਆਂ ਦੀ ਫੜ ਬਾਂਹ ਵੇ ਅੜਿਆ।

ਨਫ਼ਰਤ ਨਾ ਤੂੰ ਕਰ ਵੇ ਅੜਿਆ,
ਪਿਆਰ ਦੀ ਹਾਮੀ ਭਰ ਵੇ ਅੜਿਆ।

ਜਾਤ-ਪਾਤ ਨੂੰ ਛੱਡ ਵੇ ਅੜਿਆ,
ਵਹਿਮ ਦਿਲਾਂ ਚੋਂ ਕੱਢ ਵੇ ਅੜਿਆ।

ਦੱਬ ਕੇ ਮਿਹਨਤ ਕਰ ਵੇ ਅੜਿਆ,
ਦੂਜਿਆਂ ਤੇ ਨਾ ਸੜ ਵੇ ਅੜਿਆ।

ਬੁੱਧ ਨੂੰ ਰੌਸ਼ਨ ਕਰ ਵੇ ਅੜਿਆ,
"ਸੁੱਖ" ਕਿਤਾਬਾਂ ਪੜ੍ਹ ਵੇ ਅੜਿਆ।

●

ਨਸਲੀ ਬੰਦੇ ਘਟ ਰਹੇ ਨੇ,
ਸੱਚ ਦੇ ਝੱਗੇ ਫਟ ਰਹੇ ਨੇ।
ਇੱਕ ਦੂਜੇ ਨੂੰ ਭੰਡੀ ਜਾਂਦੇ,
ਬੁੱਕਲ ਦੇ ਸੱਪ ਡੰਗੀ ਜਾਂਦੇ।
ਬੇਸ਼ਰਮਾਂ ਨੂੰ ਚੜ੍ਹੀ-ਲੱਥੀ ਦਾ, ਲੱਗਦਾ ਨਾ ਕੋਈ ਸੇਕ,
ਜਿਹੜੀ ਥਾਲੀ ਦੇ ਵਿੱਚ ਖਾਂਦੇ, ਕਰ ਦਿੰਦੇ ਨੇ ਛੇਕ।

ਧੀਆਂ-ਪੁੱਤਰ ਆਪ ਮੁਹਾਰੇ,
ਮਾਪਿਆਂ ਦੀ ਜੋ ਅੱਖ ਦੇ ਤਾਰੇ।
ਦਿਨ-ਦਿਹਾੜੇ ਜੁਗਨੂੰ ਫੜ੍ਹਦੇ,
ਨਿੱਕੀ-ਨਿੱਕੀ ਗੱਲ 'ਤੇ ਲੜਦੇ।
ਆ ਗਿਆ ਹੁਣ ਨਵਾਂ ਜ਼ਮਾਨਾ, ਬੱਚਿਆਂ ਦੀ ਚੱਲੇ ਜੀ,
ਚੇਤੇ ਰੱਖਿਓ ਮੱਤ ਨਿਆਣੀ, ਘਰ ਲਾ ਦਿੰਦੀ ਥੱਲੇ ਜੀ।

ਕੋਈ ਨਾ ਭੁੱਖਣ-ਭਾਣਾ ਹੋਵੇ,
ਅਕਲੋਂ ਬੰਦਾ ਸਿਆਣਾ ਹੋਵੇ।
ਨਸ਼ਿਆਂ ਨੂੰ ਪੈ ਜਾਵੇ ਠੱਲ੍ਹ,
ਜੰਗ ਨਹੀਂ ਮਸਲੇ ਦਾ ਹੱਲ।
ਚੰਗਾ ਰਹਿਣਾ-ਸਹਿਣਾ ਹੋ ਜੇ, ਹੋ ਜੇ ਫੇਰ ਕਮਾਲ ਜੀ,
ਬੰਦੇ ਨੂੰ ਕੁੱਝ ਸਮਝ ਨਾ ਆਵੇ, ਜ਼ਿੰਦਗੀ ਮਾਇਆ ਜਾਲ ਜੀ।

ਸਤਿ ਸ੍ਰੀ ਆਕਾਲ ਬੁਲਾਓ,
ਸ਼ਬਦ ਗੁਰੂ ਦੇ ਸਦਕੇ ਜਾਓ,
ਹਰਿਮੰਦਰ ਹੈ ਸਭ ਦੇ ਅੰਦਰ,
ਕੀ ਭਿਖਾਰੀ, ਕੀ ਸਿਕੰਦਰ।
ਮਰਿਆਂ ਦੇ ਨਾਲ ਕੁਝ ਨਹੀਂ ਜਾਣਾ, ਪੈਸੇ ਪਿੱਛੇ ਭੱਜੀਂ ਨਾ,
ਹੱਕ ਪਰਾਇਆ ਖਾ ਕੇ ਬੰਦਿਆ, ਭੁੱਖੜ੍ਹ ਢਿੱਡ ਨੂੰ ਕੱਜੀਂ ਨਾ।

ਕਿਵੇਂ ਪੰਜਾਬ ਦੀ ਮਹਿਮਾਂ ਗਾਵਾਂ,
ਕਿੰਵ ਅੱਖਰਾਂ ਦਾ ਜੋੜ ਬਿਠਾਵਾਂ,
ਪਾਈਆ ਖ਼ੂਨ ਲਿਖਣ ਲਈ ਸੜਦਾ,
"ਜ਼ੀਰੇ ਵਾਲਾ" ਜਦ ਅੱਖਰ ਜੜਦਾ।
ਅੰਦਰ ਸਾਡੇ ਜ਼ਹਿਰ ਬਣਾਉਂਦਾ, ਗੁੱਸਾ ਐਸਾ ਨਾਗ ਹੈ,
ਮਨ ਨੂੰ ਜਿਹੜੀ ਸ਼ਾਂਤ ਕਰਦੀ, ਗੁਰਬਾਣੀ ਵਿੱਚ ਰਾਗ ਹੈ।

●

ਅੱਜ ਕੱਲ੍ਹ ਧਰਮ ਸਥਾਨਾਂ ਉੱਤੇ, ਕੂੜ ਹੋਇਆ ਪ੍ਰਧਾਨ,
ਪੰਡਤ, ਪਾਦਰੀ, ਮੌਲਵੀ ਤੇ ਗਿਆਨੀ ਵੀ ਸ਼ੈਤਾਨ।

ਘੇਰ ਲਿਆ ਕਈ ਰੋਗਾਂ ਆ ਕੇ, ਮਾੜੇ ਹੋ ਗਏ ਖਾਣ,
ਬਰਗਰ, ਪੀਜ਼ਿਆਂ ਵਿੱਚ ਜੀ ਕਿੱਥੋਂ, ਰੋਟੀ ਵਰਗੀ ਜਾਨ।

ਧੱਕਾ ਤੰਤਰ ਵਰਤ ਕੇ ਨੇਤਾ, ਆਪੇ ਬਣੇ ਮਹਾਨ,
ਘਪਲੇ ਕਰ-ਕਰ ਕਰਤਾ ਦੇਸ਼, ਗੰਜੇ ਦੀ ਟਿੰਡ ਸਮਾਨ।

ਮੂਰਖਤਾਈਆਂ ਨਾ ਕਰ ਬੰਦਿਆ, ਨਹੀਂ ਤਾਂ ਹੋ ਜੂ ਘਾਣ,
ਸੱਭਿਆਚਾਰ ਕੀ ਹੁਣ ਤਾਂ ਗੰਧਲੇ, ਹਵਾ-ਪਾਣੀ ਹੋਈ ਜਾਣ।

ਵੱਸਦੇ ਘਰਾਂ ਨੂੰ ਅੱਗਾਂ ਲਾ ਕੇ, ਨਾ ਕਰਿਓ ਸ਼ਮਸ਼ਾਨ,
ਖ਼ਤਰੇ ਵਿੱਚ ਕੋਈ ਧਰਮ ਨਹੀਂ ਹੈ, ਖ਼ਤਰੇ ਵਿੱਚ ਇਨਸਾਨ।

“ਜ਼ੀਰੇ ਵਾਲਿਆ” ਛੱਡ ਦੇ ਚਿੰਤਾ, ਚਿੰਤਾ ਚਿਤਾ ਸਮਾਨ,
ਲੋੜ ਪੈਣ ਤੇ ਜੋ ਕੰਮ ਆਵੇ, ਓਹੀ ਆ ਭਗਵਾਨ।

●

ਕੁਦਰਤ ਦੇ ਕਈ ਰੰਗ ਨੀ ਜਿੰਦੇ,
ਤੂੰ ਫਿਰਦੀ ਏਂ ਨੰਗ ਨੀ ਜਿੰਦੇ।
ਤੇਰੀ ਅਕਲ ਹੀ ਮੋਟੀ ਨੀ,
ਕਾਦਰ ਦੇ ਹੱਥ ਸੋਟੀ ਨੀ।

ਫੁੱਲਾਂ ਦਾ ਕੋਈ ਧਰਮ ਨਾ ਮਾਹੀਆ,
ਤੂੰ ਕਰਦਾਂ ਏ ਸ਼ਰਮ ਨਾ ਮਾਹੀਆ,
ਨਫ਼ਰਤ ਦੇ ਬੰਬ ਸੁੱਟੀਂ ਨਾ।
ਪਿਆਰ ਦੀ ਸੰਘੀ ਘੁੱਟੀਂ ਨਾ।

ਚਿੱਟੇ ਪਾ ਕੇ ਆ ਗਏ ਬਾਬਾ,
ਦੇਸ ਮੇਰੇ ਨੂੰ ਖਾ ਗਏ ਬਾਬਾ,
ਲੀਡਰ, ਸਾਧਾਂ ਦੀ ਹੈ ਜੋਟੀ,
ਜਨਤਾ ਦੀ ਕਿਸਮਤ ਹੀ ਖੋਟੀ।

ਲਹੂ ਵੀ ਚਿੱਟੇ ਹੋ ਗਏ ਮੀਆਂ,
ਬੋਲ ਵੀ ਫਿੱਕੇ ਹੋ ਗਏ ਮੀਆਂ,
ਸੱਚ ਝੂਠ ਦੇ ਪੈਰੀਂ ਪੈ ਗਿਆ,
ਪੈਸਾ ਪਿਓ ਦੀ ਥਾਂ ਵੀ ਲੈ ਗਿਆ।

ਯਾਰੀ ਮਤਲਬ ਲਈ ਹੈ ਯਾਰਾ,
ਕਿਸਨੂੰ ਕਿਸੇ ਦੀ ਪਈ ਹੈ ਯਾਰਾ,
ਬੁੱਕਲ ਦੇ ਵਿੱਚ ਨਾਗ ਬਥੇਰੇ,
ਬਹੁਤਿਆਂ ਦੇ ਦੋ ਮੂੰਹੇਂ ਚਿਹਰੇ।

ਜੋ ਜੰਮਿਆਂ ਉਹਨੇਂ ਮਰਨਾ ਮਾਂਏਂ,
ਮੌਤ ਤੋਂ ਫੇਰ ਕੀ ਡਰਨਾ ਮਾਂਏਂ,
ਦੁੱਖ-ਸੁੱਖ ਜ਼ਿੰਦਗੀ ਦੇ ਨੇ ਗਹਿਣੇ,
ਬੋਲ ਤੇਰੇ "ਸੁੱਖ" ਜਿਉਂਦੇ ਰਹਿਣੇ।

●

ਘਰ ਵਿੱਚ ਬੂਥਾ ਫੁੱਲਿਆ ਰਹਿੰਦਾ,
ਚੁਗਲੀਆਂ ਕਰਦੀਆਂ ਹੱਸਣ,
ਪਿਛਲੀ ਸਦੀ ਦਾ ਇਹ ਖਜਾਨਾ,
ਸ਼ਾਲਾ ਮਾਈਆਂ ਵੱਸਣ।

ਬਾਪੂ ਕਿਹੜਾ ਘੱਟ ਕਿਸੇ ਤੋਂ,
ਮੂੰਹ ਲਿਸ਼ਕਾਈ ਫਿਰਦਾ ।
ਜੁੱਤੀ ਦੇ ਨਾਲ ਪਾ ਜਰਾਬਾਂ,
ਪੁੱਠੇ ਕਰਦਾ ਲੱਛਣ।

ਘਰਵਾਲੀ ਦਾ ਅੱਡ ਹੀ ਵਾਜਾ,
ਬਿਨਾਂ ਤਾਲ ਤੋਂ ਸੁਣਦਾ।
ਬੋਲਣ ਦੇ ਵਿੱਚ ਮੈਡਲ ਉਹਦਾ,
ਉਹਤੋਂ ਕਾਂ ਵੀ ਅੱਕਣ।

ਲੱਗਦਾ ਮੈਂ ਹੀ ਭਟਕ ਗਿਆ ਹਾਂ,
ਪਿੱਛੇ ਨੂੰ ਮੁੜ ਚੱਲਿਆ,
ਕਿਸਮਤ ਚੱਲਦੀ ਹੈ ਉੱਤਰ ਨੂੰ,
ਮੈਂ ਚੱਲਦਾ ਹਾਂ ਦੱਖਣ।

ਦੁਨੀਆਂ ਤੋਂ ਹੁਣ ਡਰ ਹੀ ਲੱਗਦਾ,
ਗਲੇ ਤੇ ਛੁਰੀਆਂ ਫੇਰੇ,
ਨਸ਼ਿਆਂ ਦੇ ਨਾਲ ਯੁੱਧ ਕਰਨੇ ਨੂੰ,
ਦੋ-ਦੋ ਕਾਰਡ ਫੱਕਣ।

ਰਿਸ਼ਤੇ ਵੀ ਹੁਣ ਮਤਲਬੀ ਹੋ ਗਏ,
ਮਤਲਬ ਹੋਏ ਤੋਂ ਆਉਂਦੇ,
ਮਾੜੇ ਵੇਲੇ ਦਾ ਫਾਇਦਾ ਚੁੱਕ ਕੇ,
ਇੱਕ-ਦੂਜੇ ਤੇ ਹੱਸਣ।

ਛੱਡ ਚੱਲਿਆ ਸੀ "ਜ਼ੀਰੇ ਵਾਲਿਆ"
ਬੱਚੇ ਮਨ ਦੇ ਸੱਚੇ,
ਦਹੀਂ ਦਿਮਾਗ ਦਾ ਕਰ ਦਿੰਦੇ ਇਹ,
ਗੱਲ ਦਾ ਕੱਢਦੇ ਮੱਖਣ।

●

ਆਪਣੇ ਆਪ ਤੇ ਹੱਸਣਾ ਤਾਂ ਹੱਸੀ ਜਾਓ,
ਕਿਸੇ ਦੇ ਹਾਲਾਤ ਤੇ ਕਦੇ ਨਾ ਹੱਸੀਏ ਬਈ।

ਰੁੱਖੀ ਮਿੱਸੀ ਖਾ ਠੰਡਾ ਪਾਣੀ ਪੀ ਲਈਏ,
ਪਰਾਈ ਚੋਪੜੀ ਵੇਖਕੇ ਨਾ ਮੱਚੀਏ ਬਈ।

ਜਿਸ ਦੀ ਜ਼ਿੰਦਗੀ ਹੀ ਇੱਕ ਮਜਾਕ ਹੋਵੇ,
ਉਸ ਦਿਲ ਤੋਂ ਹਾਅ ਨਾ ਖੱਟੀਏ ਬਈ।

ਸਵਾਰਥ ਲਾਲ ਖੂਨ ਨੂੰ ਚਿੱਟਾ ਕਰ ਦਿੰਦਾ,
ਮੂੰਹੋਂ ਰਾਮ ਬਗਲ ਛੁਰੀ ਨਾ ਰੱਖੀਏ ਬਈ।

ਬੰਦਾ ਖੁਦ ਵੀ ਓਸੇ ਵਿੱਚ ਡਿੱਗ ਪੈਂਦਾ,
ਕਿਸੇ ਲਈ ਨਾ ਟੋਆ ਕਦੇ ਪੱਟੀਏ ਬਈ।

ਚੰਗੇ ਕੰਮਾਂ ਨਾਲ ਹੀ ਜ਼ਿੰਦਗੀ ਹੱਸਦੀ ਹੈ,
ਗ਼ਰੀਬ ਬੰਦੇ ਦਾ ਹੱਕ ਨਾ ਨੱਪੀਏ ਬਈ।

ਕੁੱਤੇ ਮਨ ਨੂੰ 'ਸੁੱਖ' ਸੰਗਲੀ ਪਾ ਲਈਏ,
ਯਾਰ ਦੀ ਇੱਜਤ ਵੱਲ ਨਾ ਤੱਕੀਏ ਬਈ।

•

ਪਤਨੀ:- ਤੂੰ ਕਹੇਂ ਤਾਂ ਹੱਸਦੀ ਮੈਂ, ਤੂੰ ਕਹੇਂ ਤਾਂ ਰੋਵਾਂ ਵੇ,
ਪਾਣੀ ਦੇ ਵਿੱਚ ਲੂਣ ਪਾ ਕੇ, ਪੈਰ ਤੇਰੇ ਧੋਵਾਂ ਵੇ,
ਤੇਰੇ ਵੱਲ ਕੋਈ ਆਈ ਬਲਾ ਨੂੰ, ਜੁੱਤੀ ਨਾਲ ਭਜਾਊਂਗੀ,
ਗਿੱਧੇ ਦੇ ਵਿੱਚ ਬੋਲੀ ਮਾਹੀਆ, ਤੇਰੇ ਨਾਅ ਦੀ ਪਾਊਂਗੀ।

ਪਤੀ:- ਤੂੰ ਆਈ ਤੇ ਖੁਸ਼ੀਆਂ-ਖੇੜੇ, ਹੋ ਗਏ ਨੇ ਦੂਣੇ ਨੀ,
ਤੇਰੇ ਕਰਕੇ ਪੂਰੇ ਹੋ ਗਏ, ਬਿਨ ਤੇਰੇ ਸੀ ਊਣੇ ਨੀ,
ਤੇਰੇ ਸੁੱਚੇ ਹੱਥ ਨੂੰ ਫੜ੍ਹਕੇ, ਅੰਬਰ ਨੂੰ ਹੱਥ ਲਾਊਂਗਾ,
ਤੇਰੇ ਨਾਅ ਦਾ ਗੀਤ ਬਣਾਕੇ, ਉੱਚੀ-ਉੱਚੀ ਗਾਊਂਗਾ।

ਪਤਨੀ:- ਬਾਬਲ ਹੁੰਦਾ ਧੀ ਨੂੰ ਪਿਆਰਾ, ਤੂੰ ਵੀ ਲੱਗੇ ਪਿਆਰਾ ਵੇ,
ਬਾਪੂ ਵਾਂਗੂੰ ਵਹਿਣ ਨਾ ਦੇਵੇਂ, ਅੱਖ ਦਾ ਅੱਥਰੂ ਖਾਰਾ ਵੇ,
ਮਾਂ ਮੇਰੀ ਦੀਆਂ ਅਰਦਾਸਾਂ ਨੇ, ਰੰਗ-ਭਾਗ ਹੀ ਲਾ ਦਿੱਤੇ।
ਧੀ ਤੇ ਪੁੱਤਰ ਰੱਬ ਨੇ ਸਾਡੀ, ਝੋਲੀ ਦੇ ਵਿੱਚ ਪਾ ਦਿੱਤੇ।

ਪਤੀ:- ਬੇਬੇ-ਬਾਪੂ ਦੇ ਸਤਿਕਾਰ 'ਚ, ਕੋਈ ਕਮੀਂ ਨਾ ਰੱਖੇਂ ਨੀ,
ਕਿਹੜੀ ਮਿੱਟੀ ਦੀ ਬਣੀ ਏਂ, ਤੂੰ ਕਦੇ ਨਾ ਥੱਕੇਂ ਨੀ,
ਸੀਰਤ ਦੇ ਨਾਲ ਸੂਰਤ ਸੋਹਣੀ, ਬੋਲੀ ਥੋੜ੍ਹੀ ਕੱਬੀ ਆ,
ਮੈਨੂੰ ਨਿੱਕੇ ਬੱਚਿਆਂ ਵਾਂਗੂੰ, ਸਾਂਭਣ ਦੇ ਵਿੱਚ ਲੱਗੀ ਆ।

ਪਤਨੀ:- ਬਣਕੇ ਰਹਿਣਾ ਸਿਰ ਦਿਆ ਸਾਈਆਂ, ਤੇਰਾ ਹੀ ਪਰਛਾਵਾਂ ਵੇ,
ਤੇਰੇ ਨਾਅ ਦੀਆਂ ਰੰਗ-ਬਿਰੰਗੀਆਂ, ਚੂੜੀਆਂ ਚੜ੍ਹਵਾਵਾਂ ਵੇ,
"ਸੰਧੂਆ" ਦੋਵੇਂ ਰਲ-ਮਿਲਕੇ ਵੇ, ਘਰ ਨੂੰ ਸੁਰਗ ਬਣਾਵਾਂਗੇ,
ਇੱਕ ਹੋਈ ਤਾਂ ਅੱਧੀ-ਅੱਧੀ, ਰੋਟੀ ਵੰਡਕੇ ਖਾਵਾਂਗੇ।

ਪਤੀ:- ਝਾਂਜਰ ਤੇਰੀ ਛਣ-ਛਣ ਕਰਦੀ, ਸੁਰ ਵਿੱਚ ਨੱਚੇ ਵਿਹੜਾ ਨੀ,
ਜਿਹੜਾ ਸਾਨੂੰ ਲਾਊਗਾ ਨਜ਼ਰਾਂ, ਬਹਿ ਜੇ ਉਹਦਾ ਬੇੜਾ ਨੀ,
"ਜ਼ੀਰੇ ਵਾਲੇ ਸੁੱਖ" ਦਾ ਤੂੰ, ਖੂਬ ਖਿਆਲ ਹੈਂ ਰੱਖ ਰਹੀ,
ਤੇਰੇ-ਮੇਰੇ ਹਾਸਿਆਂ ਤੋਂ ਨੀ, ਦੁਨੀਆਂ ਕਾਹਤੋਂ ਮੱਚ ਰਹੀ।

●

ਸੁੰਨ ਸਮਾਧ ਤੋਂ ਉੱਠਕੇ ਤੂੰ ਇਹ ਕੈਸੀ ਖੇਡ ਰਚਾਈ,
ਪਾਣੀ ਵਿਚੋਂ ਹੱਢ ਮਾਸ ਦੀ ਦੇਹ ਤੂੰ ਕਿਵੇਂ ਬਣਾਈ,
ਜਲੀ ਥਲੀ ਕਈ ਜੀਵ ਬਣਾਏ ਫੁੱਲ ਬੂਟੇ ਕਈ ਲੱਖਾਂ,
ਤੇਰੀ ਕੁਦਰਤ ਦੇ ਗੁਣ ਦਾਤਾ, ਕਿਵੇਂ ਬੋਲ ਕੇ ਦੱਸਾਂ।

ਕਿਵੇਂ ਲਹੂ ਤੋਂ ਦੁੱਧ ਬਣਾਵੇਂ ਮੇਰੀ ਅਕਲ ਨਾ ਜਾਣੇ,
ਪੱਥਰ ਦੇ ਵਿੱਚ ਕੀੜੇ ਨੂੰ ਤੂੰ ਕਿਵੇਂ ਖਵਾਵੇਂ ਖਾਣੇ,
ਮਿੱਠੇ, ਕੌੜੇ,ਬਕਬਕੇ ਕਈ ਰਸ ਜੀਭ ਨਾਲ ਚੱਖਾਂ,
ਤੇਰੀ ਕੁਦਰਤ ਦੇ ਗੁਣ ਦਾਤਾ, ਕਿਵੇਂ ਬੋਲ ਕੇ ਦੱਸਾਂ।

ਕਿੱਥੋਂ ਆ ਜਾਂਦੀ ਹੈ ਬਾਰਿਸ਼ ਕਿੱਥੋਂ ਬੱਦਲ ਕਾਲੇ,
ਤੂੰ ਹੀ ਦੱਸੇ ਬੁਣਨੇ ਕਿੱਦਾਂ ਮੱਕੜੀਆਂ ਨੂੰ ਜਾਲੇ,
ਐਸੇ ਤੂੰ ਕਈ ਜੀਵ ਬਣਾਏ ਵੇਖ ਸਕਣ ਨਾ ਅੱਖਾਂ,
ਤੇਰੀ ਕੁਦਰਤ ਦੇ ਗੁਣ ਦਾਤਾ, ਕਿਵੇਂ ਬੋਲ ਕੇ ਦੱਸਾਂ।

ਦੁਨੀਆਂ ਉੱਤੇ ਤੇਰੇ ਵਰਗਾ ਕਾਰੀਗਰ ਨਾ ਹੋਣਾ,
ਕਲਾ ਤੇਰੀ ਹੈ ਕਿੰਨੀ ਸੋਹਣੀ ਤੂੰ ਉਸ ਤੋਂ ਵੀ ਸੋਹਣਾ,
ਕਰਦੇ ਰਹਿੰਦੇ ਆਰਤੀ ਤੇਰੀ ਚੰਨ ਤਾਰੇ ਕਈ ਲੱਖਾਂ,
ਤੇਰੀ ਕੁਦਰਤ ਦੇ ਗੁਣ ਦਾਤਾ, ਕਿਵੇਂ ਬੋਲ ਕੇ ਦੱਸਾਂ।

ਜ਼ੀਰੇ ਵਾਲਾ "ਸੁੱਖ" ਤਾਂ ਹੁਣ ਤੇਰੇ ਹੀ ਗੁਣ ਗਾਉਂਦਾ,
ਰੁੱਖੀ ਮਿੱਸੀ ਦੇ ਦੀਂ ਮਾਲਕਾ ਜਿਵੇਂ ਤੇਰਾ ਮਨ ਭਾਉਂਦਾ,
ਕਰਦੇ ਕਿਰਪਾ ਮੇਰੇ ਉੱਤੇ ਦੁੱਖਾਂ ਦੇ ਵਿੱਚ ਹੱਸਾਂ,
ਤੇਰੀ ਕੁਦਰਤ ਦੇ ਗੁਣ ਦਾਤਾ, ਕਿਵੇਂ ਬੋਲ ਕੇ ਦੱਸਾਂ।

•

ਪੁੱਤ ਦੇ ਪੈਰੀਂ ਜਦੋਂ ਪਿਉ ਦੀ, ਜੁੱਤੀ ਜਾਂਦੀ ਆ,
ਪਿਓ ਦੇ ਚਿਹਰੇ ਉੱਤੇ ਮੁੜ, ਜਵਾਨੀ ਜਾਂਦੀ ਛਾ।

ਲਾਲਚੀ ਮੱਤ ਤੇ ਜਦੋਂ ਮਾਇਆ ਦਾ, ਲੇਪ ਚੜ੍ਹ ਜਾਂਦਾ,
ਬੇਗਾਨੇ ਕੀ ਆਪਣਿਆਂ ਵਿੱਚ, ਆਕੜ ਜਾਂਦੀ ਆ।

ਅੱਖੀਂ ਵੇਖਿਆ ਕਈ ਵਾਰੀ ਤਾਂ, ਗ਼ਲਤ ਵੀ ਹੋ ਸਕਦਾ,
ਕਾਂ ਨੂੰ ਕਰ ਬਦਨਾਮ ਜਿਉਂ ਘੁੱਗੀ, ਆਂਡੇ ਜਾਂਦੀ ਖਾ।

ਧਰਤੀ ’ਤੇ ਜੰਮੇ ਹਰ ਜੀਵ ਨੂੰ, ਵਿਆਹ ਕੇ ਲੈ ਜਾਂਦੀ,
ਡੋਲੀ ਬਹਿ ਕੇ ਮੌਤ ਰਾਣੀ ਜਦ, ਬੂਹੇ ਜਾਂਦੀ ਆ।

ਹੋ ਸਕੇ ਤਾਂ ਖੁਸ਼ ਰਹਿਣ ਦੀ, ਆਦਤ ਪਾ ਲਈਏ,
“ਜ਼ੀਰੇ ਵਾਲਿਆ” ਚਿੰਤਾ ਚੰਦਰੀ, ਅੰਦਰੋਂ ਜਾਂਦੀ ਖਾ।

●

ਕਾਹਦਾ ਉਹ ਅਮੀਰ ਜਿਹੜਾ ਦਿਲ ਤੋਂ ਗਰੀਬ ਹੋਵੇ,
ਕਾਹਦਾ ਉਹ ਵੈਦ ਜਿਹਤੋਂ ਸਹੀ ਨਾ ਮਰੀਜ਼ ਹੋਵੇ,
ਕਾਹਦਾ ਉਹ ਚੋਰ ਜਿਹੜਾ ਪੈੜ ਛੱਡ ਜਾਵੇ,
ਕਾਹਦਾ ਉਹ ਸ਼ਿਕਾਰੀ ਜੇ ਸ਼ਿਕਾਰ ਭੱਜ ਜਾਵੇ।

ਕਾਹਦਾ ਉਹ ਫਕੀਰ ਜਿਹੜਾ ਸੀਨਿਆਂ ਨੂੰ ਠਾਰਦਾ ਨਾ,
ਕਾਹਦਾ ਉਹ ਥਾਣੇਦਾਰ ਰੋਅਬ ਜਿਹੜਾ ਮਾਰਦਾ ਨਾ,
ਕਾਹਦਾ ਉਹ ਖਿਡਾਰੀ ਜਿਹੜਾ ਖੇਡ ਵਿੱਚ ਲੜਦਾ ਏ,
ਕਾਹਦਾ ਉਹ ਫੌਜ਼ੀ ਜਿਹੜਾ ਗੋਲੀਆਂ ਤੋਂ ਡਰਦਾ ਏ।

ਕਾਹਦਾ ਉਹ ਕਰਾੜ ਜਿਹੜਾ ਘੱਟ ਤੋਲੇ ਨਾ,
ਕਾਹਦਾ ਉਹ ਦਲਾਲ ਜਿਹੜਾ ਝੂਠ ਬੋਲੇ ਨਾ,
ਕਾਹਦਾ ਧੀ-ਪੁੱਤ ਨਾ ਜੋ ਮਾਪਿਆਂ ਨੂੰ ਪਿਆਰ ਕਰੇ,
ਕਾਹਦਾ ਉਹ ਨਸ਼ਾ ਜਿਹੜਾ ਬੰਦੇ ਨੂੰ ਬਿਮਾਰ ਕਰੇ।

ਕਾਹਦਾ ਉਹ ਯਾਰ ਜਿਹੜਾ ਦੁੱਖ-ਸੁੱਖ ਝੱਲਦਾ ਨਾ,
ਕਾਹਦਾ ਹਥਿਆਰ ਜਿਹੜਾ ਮੌਕੇ ਉੱਤੇ ਚੱਲਦਾ ਨਾ,
ਕਾਹਦਾ ਉਹ ਨੇਤਾ ਜਿਹੜਾ ਦੇਸ਼ ਨੂੰ ਹੀ ਖਾਈ ਜਾਵੇ,
ਕਾਹਦਾ ਉਹ ਸਾਧ ਜਿਹੜਾ ਢੋਲੇ ਦੀਆਂ ਲਾਈ ਜਾਵੇ।

ਕਾਹਦਾ ਉਹ ਸੱਚ ਜਿਹੜਾ ਝੂਠ ਦੀ ਅਖੀਰ ਹੋਵੇ,
ਕਾਹਦਾ ਉਹ ਬੰਦਾ ਜਿਹਦਾ ਮਰਿਆ ਜ਼ਮੀਰ ਹੋਵੇ,
ਕਾਹਦਾ ਉਹ ਪਿਆਰ ਜਿਹੜਾ ਪੈਸਿਆਂ ਤੇ ਡੁੱਲ ਜਾਵੇ,
ਕਾਹਦਾ ਉਹ ਬੰਦਾ "ਸੁੱਖ" ਰੱਬ ਨੂੰ ਜੋ ਭੁੱਲ ਜਾਵੇ।

●

ਮਾਵਾਂ ਲਈ ਤਾਂ ਕਾਲੇ ਪੁੱਤ ਵੀ ਹੁੰਦੇ ਚੰਨ ਦੇ ਟੋਟੇ,
ਘਰ ਦੀ ਰੌਣਕ ਹੁੰਦੇ ਦੋਵੇਂ, ਬੱਚੇ ਅਤੇ ਬਰੋਟੇ।

ਚਿਹਰਿਆਂ ਉੱਤੇ ਚਿਹਰੇ ਲਾ ਕੇ ਘੁੰਮਦੇ ਵਿੱਚ ਬਾਜ਼ਾਰੀਂ,
ਦਿਸਦੇ ਜਿਹੜੇ ਖਰੇ ਨੇ ਬਾਹਰੋਂ ਬਹੁਤੇ ਅੰਦਰੋਂ ਖੋਟੇ।

ਖੜ੍ਹੇ ਪਾਣੀਆਂ ਵਿੱਚੋਂ ਬਦਬੂ ਮਾਰਨ ਲੱਗ ਜਾਂਦੀ,
ਛੇਤੀ ਉੱਛਲ ਪੈਂਦੇ ਨੇ ਓਹ ਭਾਂਡੇ ਜਿਹੜੇ ਛੋਟੇ।

ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆ ਜਾਂਦਾ,
ਧਰਮੀ ਚੋਲੇ ਪਾ ਕੇ ਠੱਗਾਂ ਫੜ੍ਹ ਲਏ ਹੱਥ ਵਿੱਚ ਲੋਟੇ।

ਮਰਨ ਦੇ ਮਗਰੋਂ "ਸੁੱਖ" ਉਹਨੇ ਕੀ ਸੁਰਗਾਂ ਤੋਂ ਲੈਣਾਂ,
ਜਿਉਂਦੇ ਨਰਕ 'ਚ ਘਸ ਗਏ ਜਿਹਦੇ ਉਂਗਲਾਂ ਦੇ ਸਭ ਪੋਟੇ।


www.PunjabiLibrary.com

●

ਬੇਤੁਕੀਆਂ ਗੱਲਾਂ ਕਰਨਾ ਚੰਗੀ ਗੱਲ ਨਹੀਂ,
ਚੁੱਪ ਕਰਕੇ ਬਹਿ ਜਾਣਾ ਮਸਲੇ ਦਾ ਹੱਲ ਨਹੀਂ।

ਤੁਰਿਆ ਚੱਲ ਇਹ ਰਾਹ ਕਿਤੇ ਤਾਂ ਲੈ ਕੇ ਜਾਣਗੇ,
ਥੱਕ ਹਾਰ ਕੇ ਬਹਿ ਜਾਣਾ ਕੀ ਇਹ ਝੱਲ ਨਹੀਂ?

ਯਾਰਾਂ ਦੀ ਮਹਿਫ਼ਿਲ ਵਿੱਚ ਜੇਕਰ ਤੇਰਾ ਦਮ ਘੁੱਟੇ,
ਸਮਝ ਲਵੀਂ ਤੇਰੇ ਸ਼ਹਿਰ ਦੀ ਹਵਾ ਤੇਰੇ ਵੱਲ ਨਹੀਂ।

ਦੁਨੀਆਂ ਜਿੱਤਣ ਦੇ ਦਾਅਵੇ ਤਾਂ ਬਹੁਤੇ ਕਰ ਗਏ ਨੇ,
ਮੌਤ ਕੋਲੋਂ ਜਿੱਤ ਜਾਂਦਾ ਕੋਈ ਐਸਾ ਮੱਲ ਨਹੀਂ।

ਬੁੱਢੇ ਮਾਪਿਆਂ ਘਰੇ ਪੁੱਤ ਦੇ ਸੱਥਰ ਵਿਛ ਜਾਵਣ,
"ਜ਼ੀਰੇ ਵਾਲਿਆ" ਧਰਤੀ 'ਤੇ ਐਸਾ ਕੋਈ ਸੱਲ ਨਹੀਂ।

●

ਮਾੜੇ ਵਕਤ ’ਚ ਅਕਸਰ, ਰਿਸ਼ਤੇ ਮਰ ਜਾਂਦੇ,
ਜਿੱਤਦੇ-ਜਿੱਤਦੇ ਕਈ ਖਿਡਾਰੀ ਹਰ ਜਾਂਦੇ।

ਪਾਣੀ ਦਾ ਸੁਭਾਅ ਨਹੀਂ ਕੇ ਡੋਬ ਦੇਵੇ,
ਜਿਉਂਦੇ ਬੰਦੇ ਡੁੱਬਦੇ, ਮੁਰਦੇ ਤਰ ਜਾਂਦੇ।

ਗੁਰੂ ਗ੍ਰੰਥ ਦੀ ਬਾਣੀ ਜਿਹੜੇ ਜੀਅ ਲੈਂਦੇ,
ਓਹਨਾਂ ਦੇ ਤਾਂ ਤਪਦੇ ਹਿਰਦੇ ਠਰ ਜਾਂਦੇ।

ਚਾਦਰ ਨਾਲੋਂ ਵਧਕੇ ਪੈਰ ਪਸਾਰ ਹੀ ਲੈਂਦੇ ਨੇ,
ਬੱਚਿਆਂ ਖਾਤਰ ਮਾਪੇ ਭੁੱਖ ਵੀ ਜਰ ਜਾਂਦੇ।

ਜਿਹੜੇ ਘਰਾਂ ਦੇ ਜੀਅ ਭਰੋਸੇ ਵਿੱਚ ਰਹਿੰਦੇ,
ਖੁਸ਼ੀਆਂ ਦੇ ਨਾਲ ਉਹ ਤਾਂ ਵਿਹੜੇ ਭਰ ਜਾਂਦੇ।

ਤਵੀਆਂ ਉੱਤੇ ਬਹਿ ਕੇ ਤੱਤੀ ਰੇਤ ਪਵਾਉਂਦੇ ਜੋ,
ਜ਼ਾਲਮ ਦੇ ਉਹ ਜ਼ੁਲਮ ਨੂੰ ਸ਼ਰਮਿੰਦਾ ਕਰ ਜਾਂਦੇ।

ਸੱਚ ਦੇ ਰਾਹ ਤੇ ਤੁਰਨਾ ਖਾਲਾ ਜੀ ਦਾ ਵਾੜਾ ਨਹੀਂ,
“ਜ਼ੀਰੇ ਵਾਲਿਆ” ਬੁਜ਼ਦਿਲ ਬੰਦੇ ਅਕਸਰ ਡਰ ਜਾਂਦੇ।

●

ਔਖੇ ਵੇਲੇ ਕੰਮ ਜੋ ਆਵੇ,
ਓਹਨੂੰ ਕਦੇ ਭੁਲਾਈਏ ਨਾ।

ਮੂਰਖ ਕੋਲੋਂ ਪਾਸਾ ਵੱਟੀਏ,
ਮੂੰਹ ਕਦੇ ਵੀ ਲਾਈਏ ਨਾ।

ਯਾਰੀ ਹੈ ਅਣਮੁੱਲਾ ਤੋਹਫਾ,
ਪਿੱਠ 'ਤੇ ਛੁਰਾ ਚਲਾਈਏ ਨਾ।

ਮੰਗਵੀਂ ਚੀਜ਼ ਦੀ ਕਦੇ ਮਿੱਤਰਾ,
ਫੋਕੀ ਟੌਹਰ ਵਖਾਈਏ ਨਾ।

ਜ਼ਾਲਮ ਭਾਵੇਂ ਘਰ ਦਾ ਹੋਵੇ,
ਸੋਹਲੇ ਓਹਦੇ ਗਾਈਏ ਨਾ।

ਧੋਖੇ ਦੇ ਵਿੱਚ ਰੱਖ ਕਿਸੇ ਦੀ,
ਧੀ-ਭੈਣ ਨੂੰ ਵਿਆਹੀਏ ਨਾ।

ਜਿੱਥੇ ਆਦਰ ਮਾਣ ਨਹੀਂ ਹੁੰਦਾ,
ਓਥੇ ਕਦੇ ਵੀ ਜਾਈਏ ਨਾ।

ਨਿੰਦਿਆ ਚੁਗਲੀ ਕਰਕੇ ਸੱਜਣਾ,
ਘਰ ਕਿਸੇ ਦਾ ਢਾਹੀਏ ਨਾ।

ਅਹੁਦੇ ਦੇ ਹੰਕਾਰ 'ਚ ਆ ਕੇ
ਕਦੇ ਔਕਾਤ ਵਖਾਈਏ ਨਾ।

ਜਿਸਨੇ ਸੋਹਣੀ ਦੁਨੀਆਂ ਸਾਜੀ,
ਓਹਦੇ ਕਿਉਂ ਗੁਣ ਗਾਈਏ ਨਾ !

'ਜ਼ੀਰੇ ਵਾਲਿਆ' ਜੀਵਨ ਦਾਤੇ,
ਮਾਪੇ ਕਦੇ ਰਵਾਈਏ ਨਾ।

●

ਡਾਕੂਆਂ ਦੇ ਨਾਲ ਰਲ ਜਾਂਦੇ ਨੇ, ਪਿੰਡ ਦੇ ਚੌਂਕੀਦਾਰ,
ਦੇਸ਼ ਦੇ ਪੱਲੇ ਪੈ ਜਾਂਦੀ ਜਦ, ਗਧਿਆਂ ਦੀ ਸਰਕਾਰ।

ਦਿਨ ਦਿਹਾੜੇ ਜਦੋਂ ਹਨ੍ਹੇਰਾ, ਚਾਨਣ ਜਾਂਦਾ ਖਾ,
ਝੂਠੇ ਤਖ਼ਤਾਂ ਵਾਲੇ ਫਿਰ ਹੋ, ਜਾਂਦੇ ਪੱਬਾਂ ਭਾਰ।

ਅਕਸਰ ਓਹਨਾਂ ਦਾ ਰੱਬ, ਖ਼ਤਰੇ ਵਿੱਚ ਆ ਜਾਂਦਾ,
ਧਰਮਾਂ ਦੇ ਨਾਂਅ ਉੱਤੇ ਜਿਹੜੇ, ਕਰਦੇ ਮਾਰੋ ਮਾਰ।

ਘੁੰਗਰੂ ਸਮਝ ਕੇ ਪੈਰੀਂ ਲੋਕੀਂ, ਪਾਈ ਫਿਰਨ ਜ਼ੰਜੀਰਾਂ,
ਬਿਨ ਲੜਿਆਂ ਹੀ ਮੰਨੀ ਬੈਠੇ, ਬੁਜ਼ਦਿਲ ਆਪਣੀ ਹਾਰ।

"ਜ਼ੀਰੇ ਵਾਲਿਆ" ਪਿੰਜਰੇ ਭਾਵੇਂ, ਸੋਨੇ ਦੇ ਹੀ ਹੋਣ,
ਕੈਦ ਹੋਇਆਂ ਦੀ ਸੱਜਣਾ ਫਿਰ, ਲੈਂਦਾ ਨਾ ਕੋਈ ਸਾਰ।

●

ਪੜ੍ਹਿਆ ਨਾ ਹੋਵੇ ਕਾਕਾ ਪੇਪਰਾਂ ’ਚ ਪਾਸ ਹੋ ਜੇ,
ਫੋਕਾ ਹੀ ਸਹੀ, ਘਰੇ ਰੋਅਬ ਲੈਂਦਾ ਪਾ।

ਚੜ੍ਹ ਜੇ ਜਵਾਨੀ ਵਾਲਾ ਚਾਅ ਉਦੋਂ ਬੁੱਢੇ ਨੂੰ,
ਧੌਲਿਆਂ ਤੇ ਰੰਗ ਜਦੋਂ ਕਾਲਾ ਲਵੇ ਲਾ।

ਵਾਦਿਆਂ ਦੀ ਹੱਡੀ ਸੁੱਟ ਜਨਤਾ ਨੂੰ ਹਰ ਵਾਰੀ,
ਪੰਜ ਸਾਲ ਬਾਅਦ ਨੇਤਾ ਲੈਂਦੇ ਭਰਮਾਅ।

ਆਪਣੇ ਤੋਂ ਤਕੜੇ ਨੂੰ ਜੀ-ਜੀ ਕਰਦੇ ਨੇ,
ਮਾੜੇ ਨੂੰ ਤਾਂ ਜੁੱਤੀ ਥੱਲੇ ਲੈਂਦੇ ਨੇ ਦਬਾ।

ਔਖੇ ਵੇਲੇ ਖੜਦਾ ਏ ਨੇੜੇ ਕੋਈ ਟਾਂਵਾਂ-ਟਾਂਵਾਂ,
ਸੌਖੇ ਵੇਲੇ ਲੈਂਦੇ ਸਾਰੇ ਝੁੰਡ ਜਿਹਾ ਬਣਾ।

ਬਾਦਸ਼ਾਹ ਫਿਰਔਨ ਵੀ ਮਿੱਟੀ ਵਿੱਚ ਮਿਲ ਗਿਆ,
ਆਪਣੇ ਹੀ ਆਪ ਨੂੰ ਜੋ ਕਹਿੰਦਾ ਸੀ ਖੁਦਾ।

‘ਸੁੱਖ’ ਜ਼ੀਰੇ ਵਾਲਿਆ ਦੁਨੀਆਂ ਦੀ ਮੰਡੀ ਵਿੱਚ,
ਤੇਰੇ ਜਿਹੇ ਨਿਕੰਮਿਆਂ ਦਾ ਕਿਸੇ ਨੂੰ ਕੀ ਭਾਅ।

●

ਉਪਜਿਆ, ਪਣਪਿਆ ਤੇ ਪਰਵਾਨ ਚੜ੍ਹਿਆ,
ਕੌਣ ਸੀ ਅੰਦਰ ਜੋ ਕਿਧਰ ਜਾ ਵੜਿਆ।

ਕੋਲ ਬੈਠ ਕੇ ਬੋਲੇਂ ਨਾ ਜੇ ਬੋਲ ਮਿੱਠੇ,
ਕੀ ਕਰਨਾ ਮੈਂ ਤੇਰੀਆਂ ਦੌਲਤਾਂ ਨੂੰ ਅੜਿਆ।

ਜੋ ਤੇਰੇ ਕੋਲ ਹੈ ਉਹ ਬਹੁਤਿਆਂ ਦੇ ਕੋਲ ਨਹੀਂ,
ਤੂੰ ਫੇਰ ਵੀ ਹੋਰਾਂ ਵੱਲ ਵੇਖਕੇ ਰਹੇਂ ਸੜਿਆ।

ਰੀਝਾਂ ਚਾਵਾਂ ਨਾਲ ਪਾਲੀ ਹੈ ਹਾੜ੍ਹੀ-ਸਾਉਣੀ,
ਪੱਕੀ ਫ਼ਸਲ ਦੇ ਉੱਤੇ ਨਾ ਵਰ੍ਹੀ ਵੇ ਗੜਿਆ।

ਹੱਥ ਖੋਲ੍ਹ ਆਵਦਾ ਤੇ ਵਰਤਮਾਨ ਸਾਂਭ ਸੱਜਣ,
ਅਤੀਤ ਘੁਣ ਹੈ ਜੋ ਤੂੰ ਮੁੱਠੀ ਵਿੱਚ ਫੜਿਆ।

ਠੀਕ ਕਰਦਿਆਂ-ਕਰਦਿਆਂ ਕਿਉਂ ਗ਼ਲਤ ਹੋ ਜਾਂਦਾ,
"ਜ਼ੀਰੇ ਵਾਲਾ" ਤਾਂ ਖ਼ੁਦ ਨਾਲ ਕਈ ਵਾਰ ਲੜਿਆ।

●

ਅੰਦਰੋਂ ਬਾਹਰੋਂ ਇੱਕ ਹੀ ਜੋ, ਰਹਿੰਦੇ ਸਦਾ ਅਡੋਲ,
ਕਦੇ ਧਮਾਲਾਂ ਪਾਉਣ ਨਾ, ਢਿੱਲੇ ਜੋ ਹੁੰਦੇ ਢੋਲ।

ਸਮੇਂ ਦਾ ਚੱਕਰ ਚੱਲ ਕੇ, ਚੱਕਰਾਂ ਵਿੱਚ ਦਿੰਦਾ ਪਾ,
ਜਿੰਦਗੀ ਵੀ ਓਵੇਂ ਘੁੰਮਦੀ, ਜਿਉਂ ਘੁੰਮਦੀ ਹੈ ਚੰਡੋਲ।

ਉਮਰ ਵਧਣ ਦੇ ਨਾਲ ਹੀ ਜੇ, ਅਕਲ 'ਚ ਵਾਧਾ ਹੁੰਦਾ,
ਧੌਲਿਆਂ ਵਾਲੇ ਬੋਲਦੇ ਨਾ, ਕਿਸੇ ਦੇ ਨਾਲ ਕਬੋਲ।

ਲੋਕਾਂ ਦਾ ਤੰਤਰ ਆ ਗਿਆ, ਹਾਕਮ ਦੇ ਜੀ ਰਾਸ,
ਇਹਦੀ ਬੁੱਕਲ ਮਾਰਕੇ ਇਹ, ਕਰ ਜਾਂਦਾ ਕਈ ਝੋਲ਼।

"ਜ਼ੀਰੇ ਵਾਲਿਆ" ਕਿਹਨੂੰ ਰੋਈਏ, ਪੰਜ ਆਬਾਂ ਨੂੰ ਵੰਡਣ ਲਈ,
ਲਾਲ ਗਵਾਚੇ ਨਹੀਂ ਲੱਭਣੇ, ਹੁਣ ਮਿੱਟੀ ਨਾ ਫਰੋਲ।



www.PunjabiLibrary.com

•

ਘਰ ਦਾ ਰੁੱਖ ਹੁੰਦਾ ਹੈ ਬਾਪੂ, ਮਾਂ ਹੈ ਘਰ ਦੀ ਛਾਂ,
ਦੁਨੀਆਂ ਉੱਤੇ ਇਸ ਰਿਸ਼ਤੇ ਦੀ, ਸਭ ਤੋਂ ਉੱਚੀ ਥਾਂ।
ਬਾਕੀ ਰਿਸ਼ਤੇ-ਨਾਤੇ ਬੰਦਿਆ, ਫੁੱਲਾਂ ਦੀ ਫੁਲਵਾੜੀ ਹੈ,
ਬਾਬੇ ਨਾਨਕ ਦਾ ਮਰਦਾਨਾਂ, ਧੁਰ ਤੋਂ ਪੱਕਾ ਆੜੀ ਹੈ।

ਅਸ਼ਟਾਵਕਰ ਤੇ ਬਿਆਸ ਮੁਨੀ ਸੀ, ਤਨ ਦੇ ਬੜੇ ਕਰੂਪ,
ਦੋਵੇਂ ਗਿਆਨ ਦੇ ਸਾਗਰ ਹੀ ਸੀ, ਅੰਦਰੋਂ ਰੱਬ ਦੇ ਰੂਪ।
ਚੰਮ ਦੀ ਨਾ ਕੋਈ ਉੱਥੇ ਕਹਿੰਦੇ, ਰੂਹਾਂ ਦੀ ਗੱਲ-ਬਾਤ ਹੈ,
ਧਰਤੀ ਉੱਤੇ ਰਹਿੰਦੇ ਬੰਦਿਓ, ਰੱਬ ਦੀ ਨਾ ਕੋਈ ਜਾਤ ਹੈ।

ਅਣਖਾਂ-ਆਬਰੂਆਂ ਦੀ ਜਦ ਕੋਈ, ਦੁਨੀਆਂ ਉੱਤੇ ਗੱਲ ਕਰੂ,
ਐ ਮੇਰੇ ਪੰਜਾਬ ਪਿਆਰੇ, ਹਾਮੀ ਤੇਰੇ ਵੱਲ ਭਰੂ।
ਤੇਰੀ ਮਿੱਟੀ ਦੇ ਜਾਏ ਤਾਂ, ਰਾਜ ਕਰਨ ਲਈ ਜੰਮੇਂ ਨੇ,
ਖ਼ੈਬਰ ਵਰਗੇ ਦੱਰੇ ਇਹਨਾਂ, ਕ੍ਰਿਪਾਨਾਂ ਨਾਲ ਥੰਮੇ ਨੇ।

ਘਰ ਤਾਂ ਆਖਰ ਘਰ ਹੁੰਦੇ ਨੇ, ਸਾਰਿਆਂ ਨੂੰ ਹੀ ਚਾਹੀਦੇ,
ਮੁੰਡੇ ਕਹਿੰਦੇ ਬਾਪੂ ਹਲ੍ਹ ਹੁਣ, ਸਾਡੇ ਤੋਂ ਨਹੀਂ ਵਾਹੀ ਦੇ।
ਪੈਸੇ ਦੀ ਚਕਾਚੌਂਧ ਨੇ ਸਾਰੇ, ਅੱਖੋਂ ਕਰਤੇ ਅੰਨ੍ਹੇ ਜੀ,
ਭੁੱਲ ਗਏ ਨੇ ਊੜਾ-ਐੜਾ, ਭੁੱਲਗੇ ਬਿੰਦੀਆਂ-ਕੰਨੇ ਜੀ।

ਹਾਕਮ ਏਥੇ ਕੁੱਤਿਆਂ ਵਰਗੇ, ਖਾਈ ਜਾਂਦੇ ਹੱਕਾਂ ਨੂੰ,
ਕਦੇ ਛੁਹਾਰੇ ਲੱਗਦੇ ਨਹੀਉਂ, ਚੇਤੇ ਰੱਖਿਓ ਅੱਕਾਂ ਨੂੰ।
ਐਸੀ ਚੱਲੂ ਸੱਚ ਨ੍ਹੇਰੀ, ਝੂਠ ਦੇ ਪੈਰ ਤਾਂ ਪੱਟ ਦੇਊ,
ਮੰਜੇ ਉੱਤੇ ਪਏ ਨੂੰ ਜਿੰਦਗੀ, ਰੋਜ਼ ਨਵੇਂ ਕਈ ਫੱਟ ਦੇਊ।

ਢੋਲੇ-ਮਾਹੀਏ, ਟੱਪੇ ਅੱਜ-ਕੱਲ੍ਹ, ਗਾਉਂਦਾ ਕੋਈ-ਕੋਈ ਹੈ,
ਗੱਤਕੇ ਦੇ ਵਿੱਚ ਪੈਂਤੜਾ ਕਿਹੜਾ, ਜਾਣਦਾ ਕੋਈ-ਕੋਈ ਹੈ।
ਟਿੰਡਾਂ ਰਾਹੀਂ ਖੂਹਾਂ ਵਿੱਚੋਂ, ਕੱਢਦੇ ਸੀ ਜਦੋਂ ਪਾਣੀ,
ਨਿੱਕੇ ਹੁੰਦਿਆਂ ਬਾਤ ਸੀ ਸੁਣਦੇ, ਇੱਕ ਰਾਜਾ ਤੇ ਰਾਣੀ।

ਬੰਦਾ, ਬੰਦਾ ਬਣ ਰਿਹਾ ਨਾ, ਬਣਿਆ ਫਿਰੇ ਪ੍ਰੇਤ ਜੀ,
ਮਨ ਨੂੰ ਕਾਬੂ ਦੇ ਵਿੱਚ ਰੱਖਣਾ, ਰਹਿਣਾ ਸਦਾ ਸੁਚੇਤ ਜੀ।
"ਜ਼ੀਰੇ ਵਾਲਿਆ" ਬੀਜ਼ ਸਬਰ ਦਾ, ਹੌਲੀ-ਹੌਲੀ ਉੱਗਦਾ ਹੈ,
ਚਾਰ ਕੁ ਅੱਖਰ ਜੋੜ ਲੈਂਦਾ ਹਾਂ, ਜੋ ਮੇਰੇ ਤੋਂ ਪੁੱਗਦਾ ਹੈ।

●

ਦੋ ਅਤੇ ਦੋ ਪੰਜ ਨਹੀਂ, ਚਾਰ ਹੀ ਹੁੰਦੇ ਨੇ,
ਕਈ ਵਾਰੀਂ ਦੁਸ਼ਮਣ ਸਾਡੇ, ਯਾਰ ਹੀ ਹੁੰਦੇ ਨੇ।

ਬਣ ਜਾਂਦਾ ਏ ਕੋਹੇਨੂਰ, ਕੱਖ ਵੀ ਗਲੀਆਂ ਦਾ,
ਬਹੁਮੁੱਲੇ ਜੋ ਦਿਸਦੇ ਕਈ, ਬੇਕਾਰ ਹੀ ਹੁੰਦੇ ਨੇ।

ਕਹਿੰਦੇ ਨੇ ਜੋ ਅਕਸਰ ਲੋਕੀ, ਕਰਦੇ ਨਹੀਂ ਵੇਖੇ,
ਪੜ੍ਹੇ-ਲਿਖੇ ਵੀ ਬਹੁਤੇ ਕਈ, ਗਵਾਰ ਹੀ ਹੁੰਦੇ ਨੇ।

ਬੋਤਾ ਸਿੰਘ ਤੇ ਗਰਜਾ ਸਿੰਘ ਦੇ ਵਾਰਿਸਾਂ ਵਾਂਙੂੰ ਹੀ,
ਸ਼ੇਰ ਦੇ ਬੱਚੇ ਜੰਮਦੇ ਹੀ, ਖੂਖਾਰ ਹੀ ਹੁੰਦੇ ਨੇ।

ਲਸ਼ਮਣ ਕਰਕੇ ਰਾਮ ਚੰਦਰ ਤਾਂ ਲੰਕਾ ਜਿੱਤ ਲੈਂਦਾ,
ਵਿਭਿਸ਼ਨ ਕਰਕੇ ਰਾਵਣ ਵਰਗੇ, ਖੁਆਰ ਹੀ ਹੁੰਦੇ ਨੇ।

ਚਾਲੀਆਂ ਉੱਤੇ ਭਾਵੇਂ ਲੱਖਾਂ, ਦੁਸ਼ਮਣ ਚੜ੍ਹ ਆਵੇ,
ਜੰਗਜੂ ਬੰਦੇ ਜੰਗਾਂ ਲਈ, ਤਿਆਰ ਹੀ ਹੁੰਦੇ ਨੇ।

ਲਾਲਚੀ ਕੁੱਤਿਆਂ ਵਾਂਙੂੰ ਜਿਹੜੇ, ਹੱਡੀਆਂ ਮੁੱਖ ਰੱਖਦੇ,
ਰਿਸ਼ਤਿਆਂ ਲਈ ਜਾਂ ਦੇਸ਼ ਲਈ ਉਹ, ਗੱਦਾਰ ਹੀ ਹੁੰਦੇ ਨੇ।

ਬੋਧੀ, ਜੈਨੀ, ਸਿੱਖ, ਇਸਾਈ, ਹਿੰਦੂ, ਮੁਸਲਮਾਨ,
ਇਨਸਾਨੀਅਤ ਦੇ ਵਹਿੰਦੇ ਸ਼ੀਤਲ, ਆਬਸ਼ਾਰ ਹੀ ਹੁੰਦੇ ਨੇ।

ਮੁੱਕ ਜਾਏ ਦਲੀਲ ਜਦੋਂ, ਫਿਰ ਗ੍ਹਾਲਾਂ ਕੱਢ ਜਾਂਦੇ,
ਛੱਪੜ ਹੀ ਕਈ ਡੱਡੂਆਂ ਲਈ, ਸੰਸਾਰ ਹੀ ਹੁੰਦੇ ਨੇ।

ਹਰ ਬੰਦੇ ਦੀ ਛਵੀ ਹੈ ਵੱਖਰੀ, ਜਿਉਂ ਬਾਗ਼ ਦੇ ਫੁੱਲ,
ਦੂਜਿਆਂ ਨੂੰ ਜੋ ਨਫ਼ਰਤ ਕਰਨ, ਬਿਮਾਰ ਹੀ ਹੁੰਦੇ ਨੇ।

ਕੁਦਰਤ ਵਰਗਾ ਸੋਹਣਾ ਅਤੇ ਕਰੂਪ ਵੀ ਕੋਈ ਨਾ,
ਦੁੱਖ-ਸੁੱਖ ਦੇ ਜੀਆ-ਜੰਤ, ਹੱਕਦਾਰ ਹੀ ਹੁੰਦੇ ਨੇ।

ਮੌਤ ਵਿੱਚੋਂ ਵੀ ਜ਼ਿੰਦਗੀ ਨੂੰ, ਲੱਭ ਲੈਂਦੇ ਨੇ ਥੋੜ੍ਹੇ,
ਧਰਤੀ ਉੱਤੇ ਆਏ ਬਹੁਤੇ, ਭਾਰ ਹੀ ਹੁੰਦੇ ਨੇ।

"ਜ਼ੀਰੇ ਵਾਲਿਆ" ਪਹਿਰਾਵੇ ਦਾ ਫ਼ਰਕ ਨਹੀਂ ਹੁੰਦਾ,
ਕਿਰਦਾਰਾਂ ਦੇ ਉੱਚੇ ਜੋ, ਸਰਦਾਰ ਹੀ ਹੁੰਦੇ ਨੇ।

•

ਤਾਲ ਤੋਂ ਬੇਤਾਲ ਹੋਈ ਜਿੰਦਗੀ ਮੁਹਾਲ ਹੈ,
ਸੱਤਾ ਵਿੱਚ ਬੈਠੀ ਸਾਰੀ ਚੌਂਕੜੀ ਚੰਡਾਲ ਹੈ।
ਨਿੱਤਰੇ ਨਾ ਔਖੇ ਵੇਲੇ ਯਾਰੀ ਉਹ ਕੰਗਾਲ ਹੈ,
ਆਸਾਂ ਨੂੰ ਹੀ ਬੂਰ ਪੈਂਦਾ ਆਸ ਫ਼ਿਲਹਾਲ ਹੈ॥

ਸੜਦੇ ਸ਼ਰੀਕ ਜਿਹੜੇ ਆਪ ਹੁੰਦੇ ਨੰਗ ਜੀ।
ਬੁੱਕਲ ਦੇ ਸੱਪ ਹੀ ਤਾਂ ਮਾਰ ਦਿੰਦੇ ਡੰਗ ਜੀ,
ਔਰਤ ਦਾ ਗਹਿਣਾ ਹੁੰਦਾ ਅਸਲ ਚ ਸੰਗ ਜੀ,
ਵਿਗੜਿਆ ਧੀ-ਪੁੱਤ ਕਰਦਾ ਏ ਤੰਗ ਜੀ॥

ਘੜ੍ਹ ਲਿਆ ਰੱਬ ਲੋਕਾਂ ਆਪਣੇ ਹਿਸਾਬ ਦਾ,
ਜਾਤਾਂ ਨੂੰ ਮੁਕਾਉਂਦਾ ਮੇਲ ਬਾਣੀ ਤੇ ਰਬਾਬ ਦਾ।
ਵੰਡ ਦਿੱਤਾ ਨੀਰ ਇਹਨੇ ਵਹਿੰਦੇ ਪੰਜ ਆਬ ਦਾ,
ਦਿੱਲੀ ਨੇ ਨਾ ਮੁੱਲ ਪਾਇਆ ਕਦੇ ਵੀ ਪੰਜਾਬ ਦਾ॥

ਨੀਤ ਦਾ ਜੋ ਰੱਜਿਆ ਉਹ ਰਹਿੰਦਾ ਪ੍ਰਸੰਨ ਜੀ,
ਪੁੱਤਰਾਂ ਦਾ ਦਾਨੀ ਦਸਮੇਸ਼ ਪਿਤਾ ਧੰਨ ਜੀ।
ਸੂਰਮੇਂ ਹੀ ਮੌਤ ਲਈ ਸਿਹਰਾ ਲੈਂਦੇ ਬੰਨ੍ਹ ਜੀ,
ਘਰਾਂ ਦੇ ਹੀ ਭੇਤੀ ਲਾਉਂਦੇ ਘਰਾਂ ਵਿੱਚ ਸੰਨ੍ਹ ਜੀ॥

ਉਹਨਾਂ ਦਾ ਕੀ ਇਤਹਾਸ ਜਾਂਦੇ ਜਿਹੜੇ ਹਾਰ ਨੇ,
ਚੱਪੂ ਬਿਨਾਂ ਬੇੜੀਆਂ ਵੀ ਲਾਉਂਦੀਆਂ ਨਾ ਪਾਰ ਨੇ।
ਪਲ-ਪਲ ਬੰਦੇ ਦਾ ਜੋ ਕਰਦੇ ਸ਼ਿਕਾਰ ਨੇ,
ਕਾਮ ਤੇ ਕ੍ਰੋਧ, ਲੋਭ, ਮੋਹ, ਹੰਕਾਰ ਨੇ॥

ਰੁੱਤਾਂ ਵਾਂਕੂੰ ਬੰਦਾ ਵੀ ਰੰਗ ਜਿਹਾ ਵਟਾਈ ਜਾਂਦਾ,
ਮੌਤ ਕੋਲੋਂ ਡਰਦਾ ਹੀ ਰੱਬ ਨੂੰ ਧਿਆਈ ਜਾਂਦਾ,
ਦੁੱਖ-ਸੁੱਖ ਜਿੰਦਗੀ ਦੇ ਵਿੱਚ ਆਈ ਜਾਈ ਜਾਂਦਾ,
"ਸੁੱਖ ਜ਼ੀਰੇ ਵਾਲਾ" ਰੋਜ਼ ਢੋਲੇ ਦੀਆਂ ਲਾਈ ਜਾਂਦਾ॥

●

ਨਾ ਕੁੱਝ ਆਇਆ ਨਾਲ ਸੱਜਣ ਜੀ,
ਨਾ ਕੁੱਝ ਜਾਣਾ ਨਾਲ ਸੱਜਣ ਜੀ।

ਰੱਬ ਨੂੰ ਮਿਲਿਆ ਜਾ ਸਕਦਾ ਹੈ,
ਕਰਨੀ ਪੈਂਦੀ ਭਾਲ ਸੱਜਣ ਜੀ।

ਸੱਚ ਲੰਗੋਟੀਆ ਯਾਰ ਜਿਹਨਾਂ ਦਾ,
ਤੁਰਦੇ ਝੂਮਕੇ ਚਾਲ ਸੱਜਣ ਜੀ।

ਭਰਥਰੀ ਰਾਜਾ ਸਾਧ ਹੋ ਗਿਆ,
ਥੁੱਕ ਨੂੰ ਸਮਝੇ ਲਾਲ ਸੱਜਣ ਜੀ।

ਔਲੇ ਵਰਗਾ ਕੰਮ ਹੈ ਕਰਦੀ,
ਬਾਪ ਦੀ ਕੱਢੀ ਗਾਲ੍ਹ ਸੱਜਣ ਜੀ।

ਕੁਦਰਤ ਦਾ ਏਥੇ ਹਾਸਾ ਡੁੱਲਿਆ,
ਤਾਲਾਂ ਦਾ ਨੈਨੀਤਾਲ ਸੱਜਣ ਜੀ।

ਬਹਿ ਕੇ ਆਜਾ ਹੱਲ ਕਰ ਲਈਏ,
ਹੱਲ ਨਾ ਹੋਣ ਸਵਾਲ ਸੱਜਣ ਜੀ।

ਬਹੁਤਿਆਂ ਦੀ ਜ਼ਿੰਦਗੀ ਦੇ ਵਿੱਚ ਤਾਂ,
ਨਾ ਕੋਈ ਸੁਰ ਨਾ ਤਾਲ ਸੱਜਣ ਜੀ।

ਸ਼ੌਂਕ ਗਰੀਬ ਨੇ ਰੱਖ ਕੇ ਗਿਰਵੀ,
ਵਿਆਜ਼ੂ ਪਾਲ਼ੇ ਬਾਲ ਸੱਜਣ ਜੀ।

"ਜ਼ੀਰੇ ਵਾਲਿਆ" ਸਮਝ ਨਾ ਆਉਂਦੀ,
ਜ਼ਿੰਦਗੀ ਮਾਇਆ ਜਾਲ ਸੱਜਣ ਜੀ।

●

ਸੱਜਣ ਦੀ ਨਾਂਹ ਵੀ ਸਾਨੂੰ ਹਾਂ ਲੱਗਦੀ ਹੈ,
ਅਸੀਂ ਤਾਂ ਮੁਰੀਦ ਹਾਂ ਸਾਨੂੰ ਤਾਂ ਲੱਗਦੀ ਹੈ।

ਉਹ ਫੁੱਲ ਹੋਵੇ ਤਾਂ ਮੈਂ ਕੰਡਾ ਹੋਣਾ ਲੋਚਦਾ ਹਾਂ,
ਓਹ ਤਾਂ ਮੈਨੂੰ ਬੱਚਿਆਂ ਦੀ ਮਾਂ ਲੱਗਦੀ ਹੈ।

ਜਨਮ ਦਾਤੀ ਦੇ ਘੁੱਟੇ ਨਾ ਕਦੇ ਪੈਰ ਜਿਹਨਾਂ,
ਕਈਆਂ ਨੂੰ ਲੱਗਦਾ ਕਿ ਮਾਤਾ ਗਾਂ ਲੱਗਦੀ ਹੈ।

ਸੱਤ ਰੰਗੀ ਪੀਂਘ ਵਰਗੇ ਕੁੱਲ ਦੁਨੀਆਂ ਦੇ ਦੀਨ,
ਏਸੇ ਲਈ ਸਾਰਿਆਂ ਦੀ ਧਰਤੀ ਮਾਂ ਲੱਗਦੀ ਹੈ।

ਜਿਸ ਜਗ੍ਹਾ 'ਤੇ ਝੂਠ ਨੇ ਸੱਚ ਨੂੰ ਪਰਖਿਆ ਹੈ,
ਸਿਰ ਝੁਕਾਉਣ ਯੋਗ ਉਹ ਥਾਂ ਲੱਗਦੀ ਹੈ।

ਪੰਜ ਆਬ ਦੇ ਪਾਣੀਆਂ ਵਾਂਗ ਮਿੱਠੀ-ਮਿੱਠੀ,
"ਜ਼ੀਰੇ ਵਾਲੇ" ਨੂੰ ਪੰਜਾਬੀ ਚੰਗੀ ਤਾਂ ਲੱਗਦੀ ਹੈ।

●

ਸਾਧਾਂ ਦੀ ਕਾਟੋ ਖੰਭੇ 'ਤੇ,
ਹੁਣ ਸਾਧ ਵੀ ਲੱਗੇ ਧੰਦੇ 'ਤੇ,
ਧੰਦੇ ਤੋਂ ਫੁੱਲ ਕਮਾਈ ਹੈ,
ਦੁਨੀਆਂ ਦੀ ਸ਼ਾਮਤ ਆਈ ਹੈ।

ਸਾਧਾਂ ਦੀ ਕਾਟੋ ਕੁਰਸੀ 'ਤੇ,
ਬਾਬੇ ਸਰਕਾਰੀ ਬੁਰਕੀ 'ਤੇ,
ਬੁਰਕੀ ਵੀ ਵਰਕਾਂ ਵਾਲੀ ਹੈ,
ਸਾਧਾਂ ਦੀ ਮਾਇਆ ਸਾਲੀ ਹੈ।

ਸਾਧਾਂ ਦੀ ਕਾਟੋ ਚੀਕਾਂ 'ਤੇ,
ਬਾਬੇ ਵੀ ਨੱਚਣ ਗੀਤਾਂ 'ਤੇ,
ਗੀਤਾਂ ਵਿੱਚ ਕੱਟਾ ਰਿੰਗਦਾ ਹੈ,
ਕਿੱਲੇ ਦੇ ਜ਼ੋਰ 'ਤੇ ਤਿੰਘਦਾ ਹੈ।

ਸਾਧਾਂ ਦੀ ਕਾਟੋ ਰੇਲਾਂ 'ਤੇ,
ਬਾਬਿਆਂ ਦਾ ਰਾਜ਼ ਹੈ ਜੇਲ੍ਹਾਂ 'ਤੇ,
ਜੇਲ੍ਹਾਂ ਵਿੱਚ ਖੁੱਲ੍ਹੀ ਛੁੱਟੀ ਹੈ,
ਇੱਜ਼ਤ ਹੀ ਬਾਬੇ ਲੁੱਟੀ ਹੈ !

ਸਾਧਾਂ ਦੀ ਕਾਟੋ ਬੀੜੀ 'ਤੇ,
ਇਹ ਤਰਸ ਨਾ ਕਰਦੀ ਪੀੜ੍ਹੀ 'ਤੇ,
ਪੀੜ੍ਹੀ ਜੋ ਸੁਪਨੇ ਦੇਖਦੀ ਹੈ,
ਠੱਗਾਂ ਨੂੰ ਮੱਥੇ ਟੇਕਦੀ ਹੈ।

ਸਾਧਾਂ ਦੀ ਕਾਟੋ ਸੈਰਾਂ 'ਤੇ,
ਸੰਗਤ ਡਿੱਗਦੀ ਹੈ ਪੈਰਾਂ 'ਤੇ,
ਪੈਰਾਂ ਨੂੰ ਚਰਨ ਬਣਾਇਆ ਹੈ,
ਬਾਬਿਆਂ ਨੇ ਡੇਰਾ ਪਾਇਆ ਹੈ।

ਸਾਧਾਂ ਦੀ ਕਾਟੋ ਡੇਰੇ 'ਤੇ,
ਸਦਕੇ ਭੇਡਾਂ ਦੇ ਜੇਰੇ 'ਤੇ,
ਜੇਰਾ ਹੀ ਝਾੜੂ ਲਾਉਂਦਾ ਹੈ,
ਡੇਰੇ ਤੋਂ ਲੁੱਟ ਕਰਾਉਂਦਾ ਹੈ।

ਸਾਧਾਂ ਦੀ ਕਾਟੋ ਫੁੱਲਾਂ 'ਤੇ,
ਜਿੰਦ ਵਾਰ ਦਿੰਦੀ ਆ ਕੁੱਲਾਂ 'ਤੇ,
ਕਈਆਂ ਨੇ ਕਾਟੋ ਸਾਧੀ ਹੈ,
ਇਹ ਮੰਗਦੀ ਫੇਰ ਅਜ਼ਾਦੀ ਹੈ।

ਸਾਡੀ ਤਾਂ ਕਾਟੋ ਬੋਲੂਗੀ,
ਕਈਆਂ ਦੇ ਚਿੱਠੇ ਖੋਲੂਗੀ,
ਚਿੱਠਿਆਂ ਨੇ ਝੂਠੇ ਕਰਨਾ ਹੈ,
"ਜ਼ੀਰੇ ਵਾਲਿਆ" ਸਭ ਨੇ ਮਰਨਾ ਹੈ।

•

ਚਾਵਾਂ ਨਾਲ ਆਵੇ ਕਿਹੜਾ, ਮੁਲਕ ਬੇਗਾਨੇ ਨੂੰ,
ਹੱਡ ਬੀਤੀਆਂ ਹੀ ਦੱਸੂੰ , ਕੁੱਲ ਮੈਂ ਜਮਾਨੇ ਨੂੰ,
ਦੱਸਾਂ ਕੀ ਤਹਾਨੂੰ ਏਸ, ਨਾਸ ਪਿੱਟੀ ਮਿੱਟੀ ਦਾ,
ਪਿਛਲਾ ਕੋਈ ਰਹਿੰਦਾ ਲੇਖਾ, ਜੋਖਾ ਦਈ ਜਾਨੇ ਆਂ।
ਮਾਵਾਂ ਦਿਆਂ ਹੱਥਾਂ ਦੀਆਂ, ਤੱਤੀਆਂ ਨੂੰ ਛੱਡ ਕੇ,
ਬਰਫ਼ਾਂ 'ਚ ਬੈਠੇ ਅਸੀਂ, ਬੇਹੀ ਰੋਟੀ ਖਾਨੇ ਆਂ।
ਛੱਡੇ ਭੈਣ ਭਾਈ ਸਾਰੇ, ਛੱਡ ਸਾਰਾ ਪਿੰਡ ਆਇਆ,
ਛੱਡ ਦਿੱਤੇ ਵੱਟਾਂ-ਬੰਨੇਂ, ਛੱਡ ਖੂਹ ਦੀ ਟਿੰਡ ਆਇਆ,
ਛੱਡ ਦਿੱਤੀ ਬਾਪੂ ਦੀ, ਪਿਆਰ ਵਾਲੀ ਛਾਂ ਠੰਡੀ,
ਗੋਰਿਆਂ ਦੇ ਦੇਸ਼ ਵਿੱਚ, ਧੁੱਪਾਂ ਸੇਕੀ ਜਾਨੇ ਆਂ।
ਮਾਵਾਂ ਦਿਆਂ ਹੱਥਾਂ ਦੀਆਂ, ਤੱਤੀਆਂ ਨੂੰ ਛੱਡ ਕੇ,
ਬਰਫ਼ਾਂ 'ਚ ਬੈਠੇ ਅਸੀਂ, ਬੇਹੀ ਰੋਟੀ ਖਾਨੇ ਆਂ।
ਛੱਡ ਆਇਆਂ ਸੱਥ ਵਿੱਚ, ਖੜਾ ਇੱਕ ਬੋਹੜ ਸੀ,
ਰਿਸ਼ਤਿਆਂ ਦੀ ਏਥੇ ਮੈਨੂੰ, ਆ ਗਈ ਏ ਥੋੜ ਜੀ,
ਪਿੰਡ ਤਾਰੇ ਵੇਖ-ਵੇਖ, ਗੂੜ੍ਹੀ ਨੀਂਦ ਸੌਂਦੇ ਸੀ,
ਬੇਸਮੈਂਟਾਂ 'ਚ ਪਏ ਅਸੀਂ, ਛੱਤਾਂ ਵੇਖੀ ਜਾਨੇ ਆਂ।
ਮਾਵਾਂ ਦਿਆਂ ਹੱਥਾਂ ਦੀਆਂ, ਤੱਤੀਆਂ ਨੂੰ ਛੱਡ ਕੇ,
ਬਰਫ਼ਾਂ 'ਚ ਬੈਠੇ ਅਸੀਂ, ਬੇਹੀ ਰੋਟੀ ਖਾਨੇ ਆ।
ਹੋ ਕੇ ਪੈਰਾਂ ਉੱਤੇ ਖੜ੍ਹੇ, ਜਦੋਂ ਪਿੰਡ ਗੇੜਾ ਲਾਵਾਂਗੇ,
ਜਿੱਥੇ ਪੜ੍ਹਦੇ ਸੀ ਹੁੰਦੇ, ਗੁਰਦੁਆਰੇ ਓਸ ਜਾਵਾਂਗੇ,
ਆ ਕੇ ਪੈਰੀਂ ਹੱਥ ਲਾਉਣੇ, ਫੇਰ ਬਾਬੇ-ਦਾਦਿਆਂ ਦੇ,
ਐਸੇ ਸੋਹਣੇ ਸੁਪਨੇ ਵੀ, ਕਈ ਸਜਾਈ ਜਾਨੇ ਆਂ।
ਮਾਵਾਂ ਦਿਆਂ ਹੱਥਾਂ ਦੀਆਂ, ਤੱਤੀਆਂ ਨੂੰ ਛੱਡ ਕੇ,
ਬਰਫ਼ਾਂ 'ਚ ਬੈਠੇ ਅਸੀਂ, ਬੇਹੀ ਰੋਟੀ ਖਾਨੇ ਆਂ।
ਇਹ ਵੀ ਕਰਮਾਂ ਦੀ ਭੂਮੀ, ਨਾ ਇਹਦਾ ਮਾੜਾ ਸੋਚਦੇ,
"ਜ਼ੀਰੇ ਵਾਲੇ" ਵਾਂਗੂੰ ਅਸੀਂ, ਪੰਜਾਬ ਨੂੰ ਵੀ ਲੋਚਦੇ,
ਗੁਰੂਆਂ ਦੀ ਧਰਤੀ ਦਾ, ਵੱਖਰਾ ਹੀ ਮੋਹ ਹੈ,
ਏਥੋਂ ਬੈਠੇ ਰੋਜ਼ ਹੀ, ਸਿਰ ਝੁਕਾਈ ਜਾਨੇ ਆਂ।
ਮਾਵਾਂ ਦਿਆਂ ਹੱਥਾਂ ਦੀਆਂ, ਤੱਤੀਆਂ ਨੂੰ ਛੱਡ ਕੇ,
ਬਰਫ਼ਾਂ 'ਚ ਬੈਠੇ ਅਸੀਂ, ਬੇਹੀ ਰੋਟੀ ਖਾਨੇ ਆਂ।

●

ਜ਼ਿੰਦਗੀ ਜਮੂਰਾ ਹੈ , ਸਮਾਂ ਹੈ ਮਦਾਰੀ,
ਡੁਗ-ਡੁਗੀ ਵਜਾ ਰਹੀ ਹੈ ਕਾਇਨਾਤ ਸਾਰੀ।

ਅੰਬਰ ਦੇ ਨਾਲ ਸਾਡਾ ਗੂੜ੍ਹਾ ਹੈ ਸੰਬੰਧ ਕੋਈ,
ਤਾਂਹੀ ਸਾਨੂੰ ਤਾਰਿਆਂ ਦੀ ਰਾਤ ਲੱਗੇ ਪਿਆਰੀ।

ਇਨਸਾਨੀ ਰਿਸ਼ਤਿਆਂ ਦਾ ਕਿੱਡਾ ਤਾਣਾ-ਬਾਣਾ ਹੈ,
ਖ਼ੂਨ ਦਿਆਂ ਰਿਸ਼ਤਿਆਂ ਦੀ ਗੱਲ ਹੀ ਨਿਆਰੀ।

ਦੁਸ਼ਮਣ ਵੀ ਸੱਜਣ ਪਿਆਰੇ ਓਦੋਂ ਲੱਗਦੇ ਨੇ,
ਚੜ੍ਹ ਜਾਂਦੀ ਜਦੋਂ ਕਹਿੰਦੇ ਨਾਮ ਦੀ ਖੁਮਾਰੀ।

ਚਾਵਾਂ ਨਾਲ ਖਾਂਦੇ ਅੱਜ ਹੰਸ ਵੀ ਮੱਛੀਆਂ,
ਡੱਡੂਆਂ ਦੀ ਬਗਲੇ ਦੇ ਨਾਲ ਹੈ ਯਾਰੀ।

ਬੀਤ ਗਿਆ ਮੁੜਦਾ ਨਾ, ਆਉਣ ਵਾਲਾ ਆਉਂਦਾ ਨਾ,
ਜੀਣ ਲਈ ਹੈ ਵਰਤਮਾਨ, ਸਮੇਂ ਦਾ ਪੂਜਾਰੀ।

ਹਰ ਬੰਦਾ ਹੀ ਮੂਰਖ ਹੈ ਕਰੀ ਜਾਵੇ ਮੱਤ-ਦਾਨ,
ਆਪਣੇ ਹੀ ਹੱਥੀਂ ਆਪੇ ਕਰਦਾ ਹੈ ਖੁਆਰੀ।

ਘਰੇ ਹੀ ਜੇ ਸੁਖ ਨਹੀਂ ਤਾਂ ਬਾਹਰੋਂ ਵੀ ਨਾ ਲੱਭਣਾ,
ਐਵੇਂ ਬੰਦਾ ਪੱਥਰਾਂ ’ਤੇ ਸਿਰ ਜਾਂਦਾ ਮਾਰੀ।

ਵੱਸਦੇ ਘਰ ਦੀ ਉਹ ਤਾਂ ਲੱਛਮੀ ਮਾਤਾ ਹੁੰਦੀ,
ਧੀ ਹੁੰਦੀ ਬਾਪ ਲਈ ਸਭ ਤੋਂ ਦੁਲਾਰੀ।

ਲੜਿਆਂ ਤੋਂ ਪਿੱਠ ਪਿੱਛੇ ਜਿਹੜੀ ਕਦੇ ਭੰਡਦੀ ਨਾ,
ਤੂਤ ਦੇ ਮੋਛੇ ਵਾਂਗ ਉਹ ਤਾਂ ਪੱਕੀ ਯਾਰੀ।

ਬੱਚਿਆਂ ਦੀ ਮਾਂ ਹੁਣ ਵੀ ਕਈ ਵਾਰ ਆਖ ਦਿੰਦੀ,
“ਜ਼ੀਰੇ ਵਾਲਿਆ” ਵੇ ਤੇਰੇ ਤੋਂ ਮੈਂ ਜਾਵਾਂ ਵਾਰੀ।

●

ਤੂੰ ਨਿੰਮ ਤੇ ਮੈਂ ਕਰੇਲਾ,
ਸਾਡਾ ਤਾਂ ਜੀ ਇਹੀ ਝਮੇਲਾ।

ਨਾ ਤੂੰ ਮੰਨੇਂ, ਨਾ ਮੈ ਮੰਨਾਂ,
ਚਲਦਾ ਰਹਿੰਦਾ ਇਹੀ ਖੇਲਾ।

ਮਿਲ ਬੈਠ ਕੇ ਵੰਡ ਲਈਏ ਨੀ,
ਜੋ ਦੁੱਖਾਂ ਦਾ ਰਹਿੰਦਾ ਧੇਲਾ।

ਲੜ ਜੀਅ ਸਦਕੇ, ਬੋਲ ਪਿਆ ਕਰ,
ਮੁੜ ਨਾ ਆਉਣਾ ਲੰਘਿਆ ਵੇਲਾ।

ਮੈਂ ਇਧਰ ਨੂੰ, ਤੂੰ ਉਧਰ ਨੂੰ,
ਕਿਵੇਂ ਚੱਲੂ ਜ਼ਿੰਦਗੀ ਦਾ ਠੇਲਾ।

ਤੂੰ ਕਰਦੀ ਜੋ ਕੰਮ ਕੀ ਉਹੀ,
ਮੈਂ ਲਿਖਦਾਂ ਤਾਂ ਲੱਗਦਾ ਵਿਹਲਾ।

ਛੱਡ ਪਰ੍ਹਾਂ ਹੁਣ ਗੁੱਸੇ ਨਾ ਹੋ,
ਛੋਟਾ ਕਰ ਲੈ ਆਪਣਾ ਡੇਲਾ।

"ਜ਼ੀਰੇ ਵਾਲੇ" ਦੀ ਮੰਨ ਲੈ ਦੇਵੀ,
ਤੈਨੂੰ ਵੇਖਣ ਲੈ ਜੂੰ ਮੇਲਾ।

●

ਖੁਦ ਚੋਂ ਖੁਦ ਨੂੰ ਲੱਭ ਰਿਹਾ ਹਾਂ,
ਦਿਨ ਰਾਤ ਮੈਂ ਯੱਭ ਰਿਹਾ ਹਾਂ।

ਜੋ ਵੀ ਕੀਤਾ ਜਾ ਸਕਦਾ ਹੈ,
ਕਰ ਮੈਂ ਉਹੀ ਸੱਭ ਰਿਹਾ ਹਾਂ।

ਜੀਅ ਦਾ ਕੋਈ ਜੰਜਾਲ ਬਣੇ ਨਾ,
ਬੋਚ-ਬੋਚ ਰੱਖ ਪੱਬ ਰਿਹਾ ਹਾਂ।

ਮਿਹਨਤ ਦੇ ਨਾਲ ਪੁੱਟ ਕੇ ਟੋਇਆ,
ਕਿਸਮਤ ਨੂੰ ਮੈਂ ਦੱਬ ਰਿਹਾ ਹਾਂ।

ਕਿਧਰੇ ਕੋਈ ਕਰਿਸ਼ਮਾ ਹੋ ਜਾਊ,
ਉਹ ਵੀ ਸੋਚ ਸਬੱਬ ਰਿਹਾ ਹਾਂ।

ਜ਼ਿੰਦਗੀ ਦੇ ਇਸ ਖੇਤ ਵਿਚਲਾ,
ਦਾਣਾ-ਦਾਣਾ ਚੱਬ ਰਿਹਾ ਹਾਂ।

ਅੰਬਰੀਂ ਰਹਿੰਦੇ ਰੱਬਾਂ ਵਿਚੋਂ,
ਮੈਂ ਇੱਕ ਰੱਬ ਨੂੰ ਲੱਭ ਰਿਹਾ ਹਾਂ,

"ਜ਼ੀਰੇ ਵਾਲਿਆ" ਸਮਾਂ ਕਰਾਉਂਦਾ,
ਉਹੀ ਕਰ ਕਰਤੱਬ ਰਿਹਾ ਹਾਂ।

●

ਚਿੜੀਆਂ ਉੱਤੇ ਕਦ ਰਹਿਮ ਕੀਤਾ ਹੈ ਬਾਜਾਂ ਨੇ,
ਪਿਓ-ਪੁੱਤ ਕਤਲ ਕਰਾਏ ਤਖਤਾਂ-ਤਾਜਾਂ ਨੇ।

ਆਕੜ ਕੇ ਜੋ ਤੁਰਦੇ ਸੀ ਹੁਣ ਕੁੱਬੇ ਹੋ ਗਏ ਨੇ,
ਭੁੰਝੇ ਲਾਹਕੇ ਰੱਖ ਦਿੱਤਾ ਕਈਆਂ ਨੂੰ ਮਿਜ਼ਾਜਾਂ ਨੇ।

ਜਿੰਦਗੀ ਦੇ ਵਿੱਚ ਕਿੰਨੇ ਰੰਗ ਭਰ ਦਿੱਤੇ ਫੁੱਲਾਂ ਨੇ,
ਸੁਰ ਵਿੱਚ ਜੀਵਨ ਕਰ ਦਿੱਤਾ ਹੈ ਸਾਜਾਂ ਨੇ।

ਹੱਕ-ਹਲਾਲ ਦੀ ਰੋਟੀ ਛੱਡਕੇ ਜੇ ਹਰਾਮ ਦੀ ਖਾਵੇਂਗਾ,
ਹੱਜ ਕਰਦਿਆਂ ਕੰਮ ਨਾ ਆਉਣਾ ਪੰਜ ਨਮਾਜ਼ਾਂ ਨੇ।

ਦਿਨ-ਰਾਤ ਤੂੰ ਸੋਚੀਂ ਜਾਵੇਂ, ਜੋ ਸੋਚੇਂ ਨਹੀਂ ਹੁੰਦਾ,
ਕਮਲੇ ਕਰਤਾ ਬੰਦਿਆ ਤੈਨੂੰ ਅੰਨ੍ਹੀਆਂ ਭਾਜਾਂ ਨੇ।

ਕੁਝ ਜਿੰਦਗੀ ਦੇ ਸਾਲ ਹੀ ਮੇਰੇ ਹਿੱਸੇ ਆਏ ਨੇ,
ਬਾਕੀ ਸਾਰੀ ਜਿੰਦਗੀ ਖਾ ਲਈ ਮੂੰਹ-ਲਿਹਾਜਾਂ ਨੇ।

ਧਰਤੀ ਉੱਤੇ ਮੌਤ ਹੀ ਯਮਰਾਜ ਦਾ ਝੋਟਾ ਹੈ,
ਕੋਸ਼ਿਸ਼ ਕੀਤੀ ਨੱਥ ਪਾਉਣ ਦੀ ਕਈ “ਸੁੱਖਰਾਜਾਂ” ਨੇ।

●

ਝੂਠ ਦੀ ਕਾਲੀ ਰਾਤ ਚੀਰ ਕੇ, ਸੱਚ ਦਾ ਚੜੂ ਸਵੇਰਾ,
ਤੁਰ ਤਾਂ ਸਹੀ ਤੂੰ ਮੰਜ਼ਿਲ ਆਪੇ, ਮੱਥਾ ਚੁੰਮੂ ਤੇਰਾ।

ਗੋਰਾ-ਕਾਲਾ, ਬੱਚਾ-ਬੁੱਢਾ, ਅਨਪੜ੍ਹ ਜਾਂ ਫਿਰ ਪਾੜ੍ਹਾ,
ਉੱਚਾ ਹੈ ਕਿਰਦਾਰ ਜਿਸ ਦਾ, ਉਸਦਾ ਕੱਦ ਲੰਮੇਰਾ।

ਬੇ-ਇਤਫ਼ਾਕੀ ਵੱਧ ਗਈ ਹੈ ਲਹੂ ਹੋ ਗਿਆ ਮੈਲਾ,
ਹੱਦਾਂ ਬੰਨੇ ਟੱਪ ਗਏ ਰਿਸ਼ਤੇ, ਕਰਦੇ ਮੇਰਾ-ਮੇਰਾ।

ਆਪੇ ਸੱਟਾਂ ਲਾ ਕੇ ਆਪੇ, ਮਲ੍ਹਮਾਂ ਚੁੱਕੀ ਫਿਰਦੇ ਨੇ,
ਸਾਧਾਂ ਵਾਲੇ ਭੇਸ 'ਚ ਫਿਰਦਾ, ਹਰ ਬੰਦਾ ਲੁਟੇਰਾ।

ਕਰ ਲੈ ਤੌਬਾ "ਜ਼ੀਰੇ ਵਾਲਿਆ", ਮਾਫੀਨਾਮਾ ਲਿਖ ਦੇ,
ਕੀ ਪਤਾ ਕਦ ਆ ਕੇ ਤੈਨੂੰ, ਮੌਤ ਨੇ ਪਾਉਣਾ ਘੇਰਾ?

•

ਮਾਫੀ ਚਾਹੁੰਦਾ ਹਾਂ,
ਕੁੱਲ ਕਾਇਨਾਤ ਤੋਂ,
ਮੁੱਕਰੀ ਕਿਸੇ ਬਾਤ ਤੋਂ।
ਬੋਲੇ ਗਏ ਮੰਦੇ ਬੋਲ ਤੋਂ,
ਮਾੜੇ ਨਿਭਾਏ ਰੋਲ ਤੋਂ।
ਕਿਸੇ 'ਤੇ ਕੱਢੇ ਗੁੱਸੇ ਤੋਂ,
ਕੁਝ ਲਿਆ ਜੋ ਬਿਨ੍ਹਾਂ ਪੁੱਛੇ ਤੋਂ।
ਹੱਕ ਕਿਸੇ ਦਾ ਖਾਧੇ ਤੋਂ,
ਕੀਤੇ ਹੋਏ ਕਿਸੇ ਤੇ ਵਾਧੇ ਤੋਂ।
ਮਾੜੇ ਨਾਲ ਕੀਤੇ ਧੱਕੇ ਤੋਂ,
ਕੋਈ ਫਾਇਦਾ ਕਿਸੇ ਦਾ ਚੱਕੇ ਤੋਂ।
ਕਬਰਾਂ ਜੋ ਹੋਈਆਂ ਕੁੱਖਾਂ ਤੋਂ,
ਵੱਢ ਦਿੱਤੇ ਲੱਖਾਂ ਰੁੱਖਾਂ ਤੋਂ।
ਢੱਠੇ ਹੋਏ ਤਖ਼ਤ ਅਕਾਲ ਤੋਂ,
ਡੇਰਿਆਂ ਦੇ ਖੜ੍ਹੇ ਸਵਾਲ ਤੋਂ।
ਛੱਡ ਦਿੱਤੇ ਆਪਣੇ ਪਿੰਡਾਂ ਤੋਂ,
ਖੂਹ ਵਿੱਚ ਚੱਲਦੀਆਂ ਟਿੰਡਾਂ ਤੋਂ।
ਪੰਜਾਬ ਦੇ ਮਿੱਠੇ ਪਾਣੀਆਂ ਤੋਂ,
ਗੁਰੂਆਂ ਦੀਆਂ ਲਿਖੀਆਂ ਬਾਣੀਆਂ ਤੋਂ।
ਦਸ਼ਮੇਸ਼ ਪਿਤਾ ਦੇ ਬਾਜ ਤੋਂ,
ਰਣਜੀਤ ਸਿੰਘ ਦੇ ਰਾਜ ਤੋਂ।
ਕੋਹੇਨੂਰ ਦੇ ਮਹਿੰਗੇ ਹੀਰੇ ਤੋਂ,
ਮੈਂ ਆਪਣੇ ਸ਼ਹਿਰ ਜ਼ੀਰੇ ਤੋਂ।
ਮਾਫੀ ਚਾਹੁੰਦਾ ਹਾਂ।


www.PunjabiLibrary.com



ਉੱਠ ਮੁਸਾਫ਼ਿਰ ਸੁੱਤਿਆ ਧਰ ਸਫ਼ਰਾਂ ਉੱਤੇ ਪੈਰ ,
ਸਮੁੰਦਰ ਹੋਣਾ ਲੋਚਦੀ ਜੇ ਦਿਲ ਤੇਰੇ ਦੀ ਨਹਿਰ ।

ਅੰਬਰੋਂ ਉੱਤਰੇ ਹਰਫ਼ਾਂ ਨੂੰ ਫੜ੍ਹ ਕਾਗਜ਼ ਉੱਤੇ ਸੁੱਟ ,
ਐਸੇ ਅੱਖਰ ਜੋੜ ਦੇ ਜੋ ਬਣਨ ਗ਼ਜ਼ਲ ਦੀ ਬਹਿਰ ।

ਧਰਮ ਦੀ ਤਲਵਾਰ ਨਾਲ ਤੂੰ ਬੰਦੇ ਮਾਰੀ ਜਾਵੇਂ ,
ਨਫ਼ਰਤ ਦੀ ਜੇ ਗੁੜ੍ਹਤੀ ਤੈਨੂੰ ਹੋਵੇ ਤੇਰੀ ਖ਼ੈਰ ।

ਗੁੱਸੇ ਵਾਲੀ ਐਨਕ ਅਕਲੋਂ ਅੰਨ੍ਹਾ ਕਰ ਦਿੰਦੀ ,
ਵੱਧ ਤਵੱਜੋਂ ਦੇਈਏ ਤਾਂ ਜੀ ਵਧ ਜਾਂਦੇ ਨੇ ਵੈਰ ।

ਚਿੱਟੇ ਦਿਨ ਜੋ ਕਾਲਾ ਕਾਰਾ ਕਰ ਗਏ ਸਾਡੇ ਨਾਲ ,
ਸੱਜਣ ਵਾਂਗੂੰ ਰੁੱਖਾ ਲੱਗੇ " ਜ਼ੀਰੇ ਵਾਲਿਆ " ਸ਼ਹਿਰ ।

ਊੜਾ ਪਬਲੀਕੇਸ਼ਨ

ISBN:978-81-987976-8-1

Price:₹200/-

www.PunjabiLibrary.com